Akhand Kirtani Jatha (Regd.) Chandigarh

# ਆਤਮ ਰੰਗ

ੴ

ਜਿਲਦ ੨੯ ਦਸੰਬਰ 2021 ਮੱਘਰ-ਪੋਹ 553 ਨਾਨਕਸ਼ਾਹੀ December 2021 ਅੰਕ 12

## ਗੁਰਪੁਰਵਾਸੀ ਭਾਈ ਸਾਹਿਬ ਭਾਈ ਸਤਨਾਮ ਸਿੰਘ ਜੀ

(20.03.1939 ਤੋਂ 12.01.2021)



ਗੁਰਪੁਰਵਾਸੀ ਭਾਈ ਸਾਹਿਬ ਭਾਈ ਸਤਨਾਮ ਸਿੰਘ ਜੀ, ਬਾਨੀ ਤੇ ਸਾਬਕਾ ਚੀਫ ਐਡੀਟਰ, ਆਤਮ ਰੰਗ ਗੁਰਮਤ ਮੈਗਜੀਨ ਅਤੇ ਮੁੱਖ ਸੇਵਾਦਾਰ ਅਖੰਡ ਕੀਰਤਨੀ ਜੱਥਾ (ਰਜਿ.), ਚੰਡੀਗੜ੍ਹ ਜੀ ਦੀ ਪਹਿਲੀ ਮਿੱਠੀ ਤੇ ਨਿੱਘੀ ਯਾਦ ਪਰਿਵਾਰ ਵੱਲੋਂ ਤੇ ਸਮੂਹ ਅਖੰਡ ਕੀਰਤਨੀ ਜੱਥਿਆਂ ਦੇ ਸਹਿਯੋਗ ਨਾਲ 11 ਦਸੰਬਰ 2021 ਨੂੰ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਸੈਕਟਰ 34, ਚੰਡੀਗੜ੍ਹ ਵਿਖੇ ਮਨਾਈ ਜਾ ਰਹੀ ਹੈ। ਜਿਨ੍ਹਾਂ ਦਾ ਵੇਰਵਾ ਮੈਗਜੀਨ ਦੇ ਪੰਨਾ ਨੰ. 33 ਅਤੇ ਟਾਈਟਲ ਦੇ ਅੰਤਿਮ ਪੇਜ ਤੇ ਦਿੱਤਾ ਗਿਆ ਹੈ। ਦਰਸ਼ਨ ਦਿਦਾਰੇ ਦੇ ਕੇ ਪਰਿਵਾਰ ਨੂੰ ਨਿਵਾਜੋ ਜੀ।

## ਮਹਾ ਅਨੰਦੁ ਸਦਾ ਕਰਿ ਕੀਰਤਨੁ ਪੁਰਖ ਬਿਧਾਤਾ ਪਾਇ ॥



















ਕੇਂਦਰੀ ਸਲਾਨਾ ਅਖੰਡ ਕੀਰਤਨ ਸਮਾਗਮ ਮਿਤੀ 28.10.2021 ਤੋਂ ਲੈ ਕੇ 31.10.2021 ਤਕ ਅਖੰਡ ਕੀਰਤਨੀ ਜੱਥਾ, ਦਿਆਲਪੁਰ ਵਲੋਂ ਗੁਰਦੁਆਰਾ ਸਾਹਿਬ ਦਿਆਲਪੁਰ ਪਿੰਡ ਵਿਖੇ ਮਨਾਇਆ ਗਿਆ। ਸੰਗਤਾਂ ਨੇ ਹੁੰਮ-ਹੁੰਮਾ ਕੇ ਕੀਰਤਨ ਦੀਆਂ ਹਾਜਰੀਆਂ ਭਰੀਆਂ ਤੇ ਹਰਜਸ ਦੇ ਲਾਹੇ ਲਏ ਤੇ ਕੀਰਤਨੀਆਂ ਸਿੰਘਾਂ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਤੇ ਸੰਗਤਾਂ ਨੇ ਕੀਰਤਨ ਦੇ ਰੰਗ ਮਾਣ ਕੇ ਅਪਣਾ ਜੀਵਨ ਸਫਲਾ ਕੀਤਾ। ਪ੍ਰਬੰਧਕਾਂ ਨੇ ਰੱਜ-ਰੱਜ ਕੇ ਸੰਗਤਾਂ ਦੀ ਸੇਵਾ ਕੀਤੀ ਤੇ ਗੁਰੂ ਘਰ ਦੀਆਂ ਖੁਸ਼ੀਆਂ ਲਈਆਂ।

ੴ ਠਾਕੁਰ ਗਾਈਐ ਆਤਮ ਰੰਗਿ ੴ

Akhand Kirtani Jatha (Regd.) Chandigarh

# ਆਤਮ ਰੰਗ

ਅਖੰਡ ਕੀਰਤਨੀ ਜਥਾ (ਰਜਿ.) ਚੰਡੀਗੜ੍ਹ ਵੱਲੋਂ
ਨਿਰੋਲ ਗੁਰਮਤਿ ਮਾਸਕ ਪੱਤਰ

*ਆਤਮ ਰੰਗ ਹਰ ਮਹੀਨੇ ਦੀ ਆਖ਼ਰੀ ਮਿਤੀ ਨੂੰ ਡਿਸਪੈਚ ਹੁੰਦਾ ਹੈ।*

ਜਿਲਦ ੨੯ ਦਸੰਬਰ 2021 ਮੱਘਰ-ਪੋਹ 553 ਨਾਨਕਸ਼ਾਹੀ December 2021 ਅੰਕ 12

***ਬਾਨੀ ਤੇ ਸਾਬਕਾ ਮੁੱਖ ਸੰਪਾਦਕ***
*ਗੁਰਪੁਰਵਾਸੀ ਭਾਈ ਸਤਨਾਮ ਸਿੰਘ ਜੀ, ਚੰਡੀਗੜ੍ਹ*

***ਮੁੱਖ ਸੰਪਾਦਕ*** *- ਭਾਈ ਮਨਪ੍ਰੀਤ ਸਿੰਘ, ਚੰਡੀਗੜ੍ਹ*

***ਦਫ਼ਤਰ***
*245, ਸੈਕਟਰ 35-ਏ, ਚੰਡੀਗੜ੍ਹ (ਇੰਡੀਆ)*
*ਫ਼ੋਨ ਅਤੇ ਵਟਸਐਪ : 98143-00245*

**E-mail :** atamrang3@gmail.com

***ਕਾਨੂੰਨੀ ਸਲਾਹਕਾਰ***
*ਐਡਵੋਕੇਟ ਭਾਈ ਰਵਿੰਦਰ ਸਿੰਘ ਸੈਂਪਲਾ*

**ਚੰਦਾ**

| | |
|---|---|
| ਸਾਲਾਨਾ ਮੈਂਬਰ, ਭਾਰਤ | 200/- ਰੁਪਏ |
| ਲਾਈਫ਼ ਮੈਂਬਰ, ਭਾਰਤ | 1,500/- ਰੁਪਏ |
| ਸਾਲਾਨਾ ਪ੍ਰਦੇਸ (ਏਅਰ) | 1,200/- ਰੁਪਏ |
| ਲਾਈਫ਼ ਮੈਂਬਰ ਪ੍ਰਦੇਸ | 12,000/- ਰੁਪਏ |

ਪ੍ਰਦੇਸੀ ਵੀਰ ਰਕਮ ਭੇਜਣ ਲੱਗਿਆਂ Collection Fee ਨਾਲ Add ਕਰਕੇ ਭੇਜਣ ਅਤੇ ਭਾਰਤ ਦੇ ਪਾਠਕ ਚੰਦੇ ਦੀ ਰਕਮ M.O. ਜਾਂ D.D. ਰਾਹੀਂ ਭੇਜਣ ਦੀ ਕ੍ਰਿਪਾਲਤਾ ਕਰਨ।

**"This Gurmat Magazine contains Gurbani, please treat with respect."**
**ਇਹ ਗੁਰਮਤਿ ਦਾ ਨਿਰੋਲ ਧਾਰਮਿਕ ਪੱਤਰ ਹੈ ਸਤਿਕਾਰ ਸਹਿਤ ਸੰਭਾਲੋ ਜੀ।**

## ਤਤਕਰਾ

◆ ਸੰਪਾਦਕੀ 4
◆ ਬਾਰਹ ਮਾਹ ਕਥਾ 5
*- ਗਿਆਨੀ ਹਰਬੰਸ ਸਿੰਘ ਜੀ, ਪਟਿਆਲਾ*
◆ ਦਸੰਬਰ ਮਹੀਨੇ ਦੇ ਇਤਿਹਾਸਿਕ ਦਿਨ 7
*- ਭਾਈ ਮਨਪ੍ਰੀਤ ਸਿੰਘ ਜੀ, ਮੁੱਖ ਸੰਪਾਦਕ*
◆ ਜੇਲ੍ਹ ਚਿੱਠੀਆਂ 8
*- ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ*
◆ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਗੁਰੂ ਦੀ ਵਿਆਖਿਆ 10
*- (ਗੁਰਪੁਰਵਾਸੀ) ਭਾਈ ਜੋਗਿੰਦਰ ਸਿੰਘ ਜੀ, ਤਲਵਾੜਾ*
◆ ਸਾਕਾ ਚਮਕੌਰ ਸਾਹਿਬ 11
*- ਭਾਈ ਅਮਰਿੰਦਰ ਸਿੰਘ ਜੀ, ਸਾਬਕਾ ਐਸ.ਜੀ.ਪੀ.ਸੀ. ਮੈਂਬਰ, ਚੰਡੀਗੜ੍ਹ*
◆ ਮਾਤਾ ਗੁਜਰੀ ਜੀ 14
*- ਡਾ. ਸੁਰਿੰਦਰ ਕੌਰ ਜੀ, ਗੁਰੂ ਗੋਬਿੰਦ ਸਿੰਘ ਕਾਲੇਜ ਫਾਰ ਵੂਮੈਨ, ਚੰਡੀਗੜ੍ਹ*
◆ ਸਾਹਿਬਜਾਦਿਆਂ ਦੀ ਸ਼ਹਾਦਤ 17
*- ਪ੍ਰੋ. ਕਿਰਪਾਲ ਸਿੰਘ ਬਡੂੰਗਰ, ਸਾਬਕਾ ਪ੍ਰਧਾਨ, ਸ੍ਰੋ. ਗੁ. ਪ੍ਰ. ਕਮੇਟੀ*
◆ ਕੇਸ ਰੱਖਣੇ - ਇਹ ਅਸਾਡੀ ਮੋਹਰ ਹੈ 19
*- ਭਾਈ ਦਵਿੰਦਰ ਸਿੰਘ ਜੀ, ਡੀ. ਐਸ. ਪੀ., ਜਗਾਧਰੀ*
◆ ਸਾਕਾ ਸਰਹੰਦ ਤੇ - ਇਤਹਾਸ 20
*- ਭਾਈ ਰਮੇਸ਼ ਬੱਗਾ ਚੋਹਲਾ ਜੀ, ਲੁਧਿਆਣਾ*
◆ ਜੁੜਿ ਜੁੜਿ ਵਿਛੁੜੇ ਵਿਛੁੜਿ ਜੁੜੇ॥ 21
*- ਬੀਬੀ ਜਗਜੀਤ ਕੌਰ ਜੀ, ਕੈਲੀਫੋਰਨੀਆ*

**ਸਰਬੱਤ ਪ੍ਰੇਮੀਆਂ ਨੂੰ ਬੇਨਤੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ, ਸਹਿਜ ਪਾਠ ਕਰ ਕੇ ਕਰੋ ਜੀ।**

*'ਆਤਮ ਰੰਗ' ਵਿਚ ਛਪੇ ਲੇਖਾਂ ਦੇ ਵਿਚਾਰਾਂ ਨਾਲ (ਗੁਰਬਾਣੀ ਤੋਂ ਇਲਾਵਾ) ਸੰਸਥਾ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।*

ਭਾਈ ਮਨਪ੍ਰੀਤ ਸਿੰਘ ਮੁੱਖ ਸੰਪਾਦਕ, ਪ੍ਰਿੰਟਰ ਤੇ ਪਬਲਿਸ਼ਰ ਨੇ ਜੈ ਆਫਸੈੱਟ ਪ੍ਰਿੰਟਰਜ਼, 905 ਇੰਡਸਟ੍ਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਅਖੰਡ ਕੀਰਤਨੀ ਜਥਾ (ਰਜਿ.) ਚੰਡੀਗੜ੍ਹ, ਦਫ਼ਤਰ 245, ਸੈਕਟਰ 35-ਏ, ਚੰਡੀਗੜ੍ਹ ਤੋਂ ਪ੍ਰਕਾਸ਼ਤ ਕੀਤਾ।

## ਸੰਪਾਦਕੀ...

ਦਸੰਬਰ ਦਾ ਮਹੀਨਾ ਸ਼ਹੀਦੀਆਂ ਭਰਿਆ ਹੁੰਦਾ ਹੈ। ਸਿੱਖ ਜਗਤ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਅਤੇ ਉਨ੍ਹਾਂ ਦੇ ਸਾਥੀ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ, ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ, ਵੱਡੇ ਸਾਹਿਬਜ਼ਾਦੇ, ਚਮਕੌਰ ਸਾਹਿਬ ਦੇ ਯੁੱਧ ਵਿਚ ਸ਼ਹੀਦ ਹੋਏ ਸਿੰਘ, ਸਰਸਾ ਨਦੀ ਪਾਰ ਕਰਨ ਸਮੇਂ ਅਤੇ ਪਾਰ ਕਰਨ ਤੋਂ ਪਹਿਲਾਂ ਹੋਏ ਸ਼ਹੀਦਾਂ ਦੀ ਯਾਦ, ਦਸੰਬਰ ਮਹੀਨੇ ਵਿਚ ਹੀ ਤਾਜ਼ਾ ਹੁੰਦੀ ਹੈ।

ਅੱਜ ਦੀ ਨੌਜਵਾਨ ਪੀੜ੍ਹੀ ਪੁੱਛਦੀ ਹੈ-ਆਖ਼ਰ ਇਨ੍ਹਾਂ ਸ਼ਹੀਦਾਂ ਦਾ ਕੀ ਕਸੂਰ ਸੀ ? ਇਤਿਹਾਸ ਉੱਤਰ ਦੇਣ ਤੋਂ ਅਸਮਰਥ ਹੈ। ਸਿਆਸੀ ਦ੍ਰਿਸ਼ਟੀ ਤੋਂ ਵੇਖਿਆ ਜਾਏ ਤਾਂ ਰਾਜ-ਸੱਤਾ ਹੀ ਜੇਕਰ ਅੱਤਵਾਦੀ (ਟ਎ਰਰੋਰਿਸਟ ) ਦਾ ਰੂਪ ਧਾਰਨ ਕਰ ਲਵੇ ਤਾਂ ਉਹ ਰਾਜ ਵਿਚ ਵੱਸਦੇ ਲੋਕਾਂ ਦਾ ਸਰਵ-ਨਾਸ਼ ਕਰ ਸਕਦੀ ਹੈ। ਫਿਰ ਜੇਕਰ ਰਾਜਸੱਤਾ ਦੇ ਸਿਰ ਉੱਤੇ ਮਜ਼ਹਬੀ ਜਨੂੰਨ ਸਵਾਰ ਹੋ ਜਾਏ ਤਾਂ ਧਰਮ ਦੇ ਨਾਮ ਤੇ ਅੰਤਾਂ ਦੀ ਤਬਾਹੀ ਲਿਆਂਦੀ ਜਾਂਦੀ ਹੈ। ਅੱਜ ਦੇ ਹੋ ਰਹੇ ਨਰਸੰਘਾਰ ਵਿਚ ਇਸਲਾਮਿਕ ਜਨੂੰਨੀਆਂ ਨੇ ਅਮਰੀਕਾ ਵਿਖੇ ਵਰਲਡ ਟ੍ਰੇਡ ਸੈਂਟਰ ਨੂੰ ਤਬਾਹ ਕਰਕੇ ਹਜ਼ਾਰਾਂ ਬੇਦੋਸ਼ੇ ਬੰਦਿਆਂ ਨੂੰ ਮਾਰ ਮੁਕਾਇਆ । ਇਸਲਾਮਿਕ ਜਨੂੰਨ ਨੇ ਸੰਸਾਰ ਨੂੰ ਦੋ ਭਾਗਾਂ ਵਿਚ ਵੰਡ ਕੇ ਰੱਖ ਦਿੱਤਾ ਹੈ। ਇਕ ਪਾਸੇ ਮੁਸਲਿਮ ਅਤੇ ਦੂਜੇ ਪਾਸੇ ਸਮੁੱਚੀ ਮਨੁੱਖਤਾ ਹੈ, ਜਿਸਨੂੰ ਇਹ ਕਾਫ਼ਰ ਕਹਿੰਦੇ ਹਨ। ਇਤਿਹਾਸ ਅੱਗੇ ਚੱਲ ਕੇ ਇਹੋ ਉੱਤਰ ਪੇਸ਼ ਕਰਦਾ ਹੁੰਦਾ ਹੈ ਕਿ ਮਜ਼ਹਬੀ ਜਨੂੰਨ ਕਾਰਣ ਇਹੋ ਜਿਹੀਆਂ ਘਟਨਾਵਾਂ ਵਾਪਰਦੀਆਂ ਹੁੰਦੀਆਂ ਹਨ। ਕਸ਼ਮੀਰ ਵਿਚ ਜੋ ਕੁਝ ਪਿਛਲੇ ੫੪ ਸਾਲਾਂ ਤੋਂ ਹੋ ਰਿਹਾ ਹੈ, ਇੰਦਰਾ ਗਾਂਧੀ ਦੀ ਮੌਤ ਤੋਂ ਮਗਰੋਂ ਦਿੱਲੀ ਅਤੇ ਭਾਰਤ ਦੇ ਹੋਰ ਕਈ ਹਿੱਸਿਆਂ ਵਿਚ ਸਿੱਖਾਂ ਵਿਰੁੱਧ ਜੋ ਕੁਝ ਵਾਪਰਿਆ, ਉਹ ਮਜ਼ਹਬੀ ਜਨੂੰਨ ਅਤੇ ਰਾਜਸੱਤਾ ਦੀ ਮਿਲੀ ਭੁਗਤ ਕਰਕੇ ਹੀ ਹੋਇਆ। ਇਹ ਭੀ ਅੱਤਵਾਦ ਹੀ ਸੀ।

ਅੱਤਵਾਦ ਨੂੰ ਪਹਿਲੀ ਵਾਰ ਸਭ ਤੋਂ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੰਨ ੧੫੨੧ ਈ. ਵਿਚ ਬਾਬਰ ਵਲੋਂ ਐਮਨਾਬਾਦ ਉੱਤੇ ਕੀਤੇ ਗਏ ਹਮਲੇ ਸਮੇਂ ਪਛਾਣਿਆ ਅਤੇ ਆਪ ਨੇ ਆਵਾਜ਼ ਬੁਲੰਦ ਕੀਤੀ

***ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ॥***
***ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ॥*** ***(ਤਿਲੰਗ ਮਹਲਾ ੧, ਪੰਨਾ ੭੨੨}***

ਅੱਤਵਾਦੀ ਹਮੇਸ਼ਾ 'ਪਾਪ ਕੀ ਜੰਞ' ਲੈ ਕੇ ਤੁਰਦੇ ਹਨ ਅਤੇ ਮਾਸੂਮ ਨਿਰਦੋਸ਼ ਲੋਕਾਂ ਪਾਸੋਂ ਜੋਗੇ ਦਾਨ ਮੰਗਦੇ ਹਨ, ਭਾਵ ਲੁੱਟ ਖਸੁੱਟ, ਮਾਰ ਮੁਕਾਉਣ ਤਕ ਜਾਂਦੇ ਹਨ। ਕਿਸ ਲਈ? ਕੀ ਧਰਮ ਚਲਾਵਨ ਲਈ ਜਾਂ ਕਿ ਰਾਜ-ਸੱਤਾ ਹਥਿਆਉਣ ਲਈ? ਹਾਂ! ਐਸੀ ਸਥਿਤੀ ਵਿਚ ਗੁਰੂ ਨਾਨਕ ਦੇਵ ਜੀ ਦੀ ਬਾਣੀ ਅਨੁਸਾਰ ਸ਼ਰਮ ਅਤੇ ਧਰਮ ਖ਼ਤਮ ਕਰ ਦਿੱਤੇ ਜਾਂਦੇ ਹਨ :

***ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ ॥*** ***(ਤਿਲੰਗ ਮਹਲਾ ੧, ਪੰਨਾ ੭੨੨)***

ਤੇ ਫਿਰ ਉਹ ਲੋਗ ਖੂਨ ਦੇ ਸੋਹਿਲੇ ਗਾਉਂਦੇ ਹਨ:

***ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ ॥੧॥*** ***(ਤਿਲੰਗ ਮਹਲਾ ੧, ਪੰਨਾ ੭੨੨)***

ਭਾਰਤ ਦੇ ਇਤਿਹਾਸ ਵਿਚ ਮਹਿਮੂਦ ਗਜ਼ਨਵੀ ਦੇ ੧੭ ਹਮਲੇ , ਮੁਹੰਮਦ ਗੌਰੀ ਦੇ ਹਮਲੇ, ਬਾਬਰ ਦੇ ਹਮਲੇ, ਅਹਿਮਦ ਸ਼ਾਹ ਅਬਦਾਲੀ ਦੇ ਅੱਠ ਹਮਲੇ 'ਪਾਪ ਕੀ ਜੰਞ' ਆਖੇ ਜਾ ਸਕਦੇ ਹਨ। ਰਾਜ-ਸੱਤਾ ਵਲੋਂ ਕੀਤੇ ਅੱਤਵਾਦ ਵਿੱਚ ਗੁਰੂ ਅਰਜਨ ਦੇਵ ਜੀ ਪਹਿਲੇ ਸ਼ਹੀਦ ਹਨ, ਫਿਰ ਗੁਰੂ ਤੇਗ ਬਹਾਦਰ ਜੀ ਅਤੇ ਉਨ੍ਹਾਂ ਦਾ ਸਾਰਾ ਪਰਿਵਾਰ ਇਸ ਅੱਤਵਾਦ ਦੀ ਭੇਟ ਚੜ੍ਹਿਆ। ਭਾਰਤ ਵਿਚ ਇਸਲਾਮਿਕ ਰਾਜ ਦੌਰਾਨ ਮਾਸੂਮ ਹਿੰਦੂ ਅਤੇ ਸਿੱਖ ਜਨਤਾ ਉੱਪਰ ਜੋ ਜ਼ੁਲਮ ਢਾਹੇ ਗਏ, ਉਹ ਰਾਜਸੀ ਅੱਤਵਾਦ ਦੀ ਮੂੰਹ ਬੋਲਦੀ ਤਸਵੀਰ ਹੈ। ਇਤਿਹਾਸ ਨੂੰ ਮੁੜ ਮੁੜ ਕੇ ਪੜਚੋਲਣ ਅਤੇ ਲਿਖਣ ਦੀ ਇਸ ਲਈ ਜ਼ਰੂਰਤ ਪੈਂਦੀ ਹੈ ਕਿਉਂਕਿ ਇਤਿਹਾਸ ਮੁੜ ਮੁੜ ਭੇਸ ਵਟਾਅ ਕੇ ਸਾਡੇ ਸਾਹਮਣੇ ਆਉਂਦਾ ਹੈ। ਅਬਦਾਲੀ ਭਾਵੇਂ ਚਲਾ ਗਿਆ ਪਰ ਓਸਾਮਾ ਬਿਨ ਲਾਦੇਨ ਸਮੁੱਚੇ ਵਿਸ਼ਵ ਉੱਤੇ 'ਪਾਪ ਕੀ ਜੰਞ' ਚੜ੍ਹਾਉਣ ਦੀਆਂ ਤਿਆਰੀਆਂ ਕਰੀ ਬੈਠਾ ਹੈ । ਅਫ਼ਗਾਨਿਸਤਾਨ ਵਿਖੇ ਨਿਰਦੋਸ਼ ਲੋਕ ਭੀ ਕਿਸੇ ਰਾਜ-ਸੱਤਾ ਦੇ ਜਨੂੰਨ ਦਾ ਸ਼ਿਕਾਰ ਹੋ ਰਹੇ ਹਨ। ਇਤਿਹਾਸ ਪਾਸ ਇਨ੍ਹਾਂ ਸਾਰੀਆਂ ਘਟਨਾਵਾਂ ਲਈ ਕੋਈ ਉੱਤਰ ਨਹੀਂ। ੧੫੨੧ ਈ. ਨੂੰ ਜੋ ਕੁਝ ਵਰਤਿਆ, ਉਹ ਕਾਬਲ ਤੋਂ ਆਰੰਭ ਹੋਇਆ ਸੀ ਅਤੇ ਅੱਜ ਭੀ ਕਾਬਲ ਤੋਂ ਹੀ ਅੱਤਵਾਦ ਸਿਰ ਚੁੱਕ ਰਿਹਾ ਹੈ।

# ਬਾਰਹ ਮਾਹ ਕਥਾ

*[ਗਿਆਨੀ ਹਰਬੰਸ ਸਿੰਘ ਜੀ, ਪਟਿਆਲਾ]*

***ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ॥ ਮਨੁ ਬੇਧਿਆ ਚਰਨਾਰਬਿੰਦ ਦਰਸਨਿ ਲਗੜਾ ਸਾਹੁ॥ ਓਟ ਗੋਵਿੰਦ ਗੋਪਾਲ ਰਾਇ ਸੇਵਾ ਸੁਆਮੀ ਲਾਹੁ॥ ਬਿਖਿਆ ਪੋਹਿ ਨ ਸਕਈ ਮਿਲਿ ਸਾਧੂ ਗੁਣ ਗਾਹੁ॥ ਜਹ ਤੇ ਉਪਜੀ ਤਹ ਮਿਲੀ ਸਚੀ ਪ੍ਰੀਤਿ ਸਮਾਹੁ॥ ਕਰੁ ਗਹਿ ਲੀਨੀ ਪਾਰਬ੍ਰਹਮਿ ਬਹੁੜਿ ਨ ਵਿਛੁੜੀਆਹੁ॥ ਬਾਰਿ ਜਾਉ ਲਖ ਬੇਰੀਆ ਹਰਿ ਸਜਣੁ ਅਗਮ ਅਗਾਹੁ॥ ਸਰਮ ਪਈ ਨਾਰਾਇਣੈ ਨਾਨਕ ਦਰਿ ਪਈਆਹੁ॥ ਪੋਖੁ ਸੋੁਹੰਦਾ ਸਰਬ ਸੁਖ ਜਿਸੁ ਬਖਸੇ ਵੇਪਰਵਾਹੁ॥ ਅੰਗ - 135***

**ਅਰਥ :**

ਪੋਹ ਦੇ ਮਹੀਨੇ) ਵਿਚ (ਉਸ ਜਗਿਆਸੂ ਰੂਪ ਇਸਤਰੀ ਨੂੰ) ਠੰਢ ਨਹੀਂ ਲੱਗ ਸਕਦੀ (ਜਿਸ ਨੂੰ) ਪ੍ਰਭੂ-ਪਤੀ ਗਲੇ ਨਾਲ (ਲਗ ਕੇ) ਮਿਲ ਪਿਆ ਹੈ। ਹੁਣ ਉਸ ਦਾ ਮਨ) ਵਾਹਿਗੁਰੂ-ਪਤੀ (ਦੇ) ਚਰਨ ਕਮਲਾਂ ਨਾਲ ਵਿੰਨ੍ਹਿਆ ਗਿਆ ਹੈ (ਅਤੇ) ਦਰਸ਼ਨਾਂ ਵਿਚ ਜੁੜ ਗਿਆ ਹੈ। ਹੁਣ (ਉਹ) ਜਗਤ ਦੇ ਸਿਰਜਣਹਾਰ ਤੇ ਪਾਲਣਹਾਰ ਦੀ ਟੇਕ ਉੱਤੇ ਹੀ ਜਿਉਂਦੀ ਹੈ (ਅਤੇ) ਮਾਲਕ ਦੀ ਸੇਵਾ ਦਾ ਲਾਭ ਲੈਂਦੀ ਹੈ। ਹੁਣ (ਉਸ ਨੂੰ) ਮਾਇਆ ਵੀ ਨਹੀਂ ਪੋਹ ਸਕਦੀ ਭਾਵ ਆਪਣਾ ਪ੍ਰਭਾਵ ਨਹੀਂ ਪਾ ਸਕਦੀ ਕਿਉਂਕਿ ਉਹ ਸਾਧੂ (ਗੁਰੂ) ਨਾਲ ਮਿਲ ਕੇ (ਪ੍ਰਭੂ ਦੇ ਅਮੋਲਕ) ਗੁਣਾਂ ਦਾ ਗਾਇਨ (ਕਰਦੀ ਹੈ)। (ਇਸ ਪ੍ਰਕਾਰ ਜੀਵ-ਇਸਤਰੀ ਦੀ ਬਿਰਤੀ) ਜਿਥੋਂ ਪੈਦਾ ਹੋਈ ਸੀ ਉਥੇ ਹੀ ਜਾ ਮਿਲੀ, (ਕਿਉਂਕਿ ਉਸਦੀ ਬਿਰਤੀ) ਸੱਚੀ ਪ੍ਰੀਤ ਵਿਚ ਸਮਾ ਗਈ ਹੈ। ਜਿਸ ਸੁਹਾਗਣ ਦੀ ਬਾਂਹ ਪਤੀ-ਪ੍ਰਮੇਸ਼ਰ ਨੇ ਫੜ ਲਈ ਹੈ (ਉਹ) ਮੁੜ ਕੇ ਕਦੇ ਵੀ ਨਹੀਂ ਵਿਛੜਦੀ। (ਮੈਂ ਅਜਿਹੇ ਵਾਹਿਗੁਰੂ) ਸੱਜਣ ਤੋਂ ਜਿਹੜਾ ਕਿ ਇੰਦਰੀਆਂ ਦੀ ਪਹੁੰਚ ਤੋਂ ਪਰੇ ਅਤੇ ਅਥਾਹ ਹੈ, ਲੱਖਾਂ ਵਾਰੀ ਵਾਰਨੇ (ਕੁਰਬਾਨ) ਜਾਂਦਾ ਹਾਂ। ਨਾਨਕ (ਗੁਰੂ ਜੀ ਫੁਰਮਾਉਂਦੇ ਹਨ ਕਿ) ਪ੍ਰਭੂ ਦੇ ਦਰ ਤੇ (ਢਹਿ) ਪਈ ਦੀ ਲਾਜ (ਪ੍ਰਭੂ ਨੂੰ) ਪਈ ਹੋਈ ਹੈ। (ਸੋ) ਜਿਸ (ਮਨੁੱਖ) ਨੂੰ (ਉਹ) ਵੇਪਰਵਾਹ ਪ੍ਰਭੂ ਆਪਣੀ ਪ੍ਰੀਤ ਬਖ਼ਸ਼ਿਸ਼ ਕਰ ਦੇਵੇ (ਉਸ ਨੂੰ) ਸਾਰੇ ਸੁੱਖ ਪ੍ਰਾਪਤ ਹੋ ਜਾਂਦੇ ਹਨ ਅਤੇ ਉਸ ਲਈ ਪੋਹ ਦਾ ਮਹੀਨਾ ਸੁਹਾਵਣਾ ਬਣ ਜਾਂਦਾ ਹੈ।

**ਵਿਆਖਿਆ :**

ਮੱਘਰ ਤੋਂ ਬਾਅਦ ਪੋਹ ਦੀ ਵਾਰੀ ਆਉਂਦੀ ਹੈ। ਪੋਹ ਵਿਚ ਪਾਲਾ ਪੂਰੇ ਜੋਬਨ 'ਤੇ ਹੁੰਦਾ ਹੈ। ਸਰਦੀ ਨਾਲ ਹੱਥ ਠਰਦੇ ਹਨ, ਦੰਦਾਂ ਦਾ ਦੰਦੜਕਾ ਵੱਜਦਾ ਹੈ। ਜਿਥੇ ਬਰਫ਼ ਪੈਂਦੀ ਹੈ, ਉਥੋਂ ਦਾ ਵਾਤਾਵਰਣ ਹੋਰ ਤਰ੍ਹਾਂ ਦਾ ਹੁੰਦਾ ਹੈ। ਸਰਦੀ ਨਾਲ ਫਲਾਂ ਵਿਚ ਰਸ ਸੁਕਣਾ ਸ਼ੁਰੂ ਹੋ ਜਾਂਦਾ ਹੈ, ਸਰਦੀ ਨਾਲ ਕੇਵਲ ਮਨੁੱਖੀ ਸਰੀਰ ਹੀ ਨਹੀਂ ਸੁੰਗੜਦੇ, ਸਗੋਂ ਪੰਛੀ ਵੀ ਕੰਬ ਕੇ ਸਰੀਰ ਇਕੱਠਾ ਕਰ ਲੈਂਦੇ ਹਨ। ਬਾਗ ਬਗੀਚਿਆਂ ਵਿਚ ਜਿਥੇ ਚਹਿਲ ਪਹਿਲ ਤੇ ਬਹਾਰ ਹੁੰਦੀ ਸੀ, ਦਰਸ਼ਕਾਂ ਦੀ ਭੀੜ ਹੁੰਦੀ ਸੀ, ਉਥੇ ਹੁਣ ਉਦਾਸੀ ਤੇ ਸੱਨਾਟੇ ਵਾਲੀ ਦਸ਼ਾ ਬਣ ਗਈ ਦਿੱਸਦੀ ਹੈ। ਗੁਰਦੇਵ ਜੀ ਦੇ ਪਵਿੱਤਰ ਵਾਕ ਹਨ:

***ਜੇਹੀ ਰੁਤਿ ਕਾਇਆ ਸੁਖੁ ਤੇਹਾ, ਤੇਹੋ ਜੇਹੀ ਦੇਹੀ ॥***

ਇਸ ਭਾਵ ਅਨੁਸਾਰ ਗਰਮੀ ਤੇ ਸਰਦੀ ਦੀ ਰੁੱਤ ਦਾ ਅਸਰ ਹਰੇਕ ਉੱਤੇ ਪੈਂਦਾ ਹੈ। ਪਰ ਉਹ ਸੁਹਾਗਣ ਜਿਹੜੀ ਆਪਣੇ ਕੰਤ ਦੇ ਕੰਠ ਨਾਲ ਲੱਗੀ ਹੋਈ ਹੈ, ਜਿਸ ਦਾ ਮਨ ਪਤੀ ਪਰਮੇਸ਼ਰ ਦੇ ਚਰਨ ਕੰਵਲਾਂ ਨਾਲ ਪ੍ਰੋਤਾ ਜਾਂਦਾ ਹੈ, ਜਿਸ ਦਾ ਧਿਆਨ ਸਾਈਆਂ ਜੀਉ ਦੇ ਸੁਹਾਵਣੇ ਦਰਸ਼ਨਾਂ ਵਿਚ ਲੀਨ ਹੋ ਜਾਂਦਾ ਹੈ, ਉਸ ਨੂੰ ਹਾੜ ਦੀ ਗਰਮੀ ਜਾਂ ਪੋਹ ਦੀ ਸਰਦੀ ਨਹੀਂ ਪੋਹ ਸਕਦੀ। ਜਿਵੇਂ ਸੂਰਜ ਚੜ੍ਹਨ ਨਾਲ ਸਰਦੀ ਦੌੜ ਜਾਂਦੀ ਹੈ, ਫਿਰ ਸਰਦੀ ਦਾ ਦੁੱਖ ਕਿਸੇ ਨੂੰ ਨਹੀਂ ਲੱਗਦਾ, ਇਸੇ ਤਰ੍ਹਾਂ ਜਿਸ ਜਗਿਆਸੂ ਦੇ ਹਿਰਦੇ ਵਿਚ ਗੁਰੂ ਦੇ ਚਰਨਾਂ ਵੱਲ ਜਾਣ ਦੀ ਤਾਂਘ ਹੈ, ਉਸ ਨੂੰ ਕੋਈ ਦੁੱਖ ਦਰਦ ਨਹੀਂ ਲੱਗਦਾ।

***ਗੁਰ ਕੇ ਚਰਨ ਹਿਰਦੈ ਵਸਾਇ ॥ ਦੁਖ ਦੁਸਮਨ ਤੇਰੀ ਹਤੈ ਬਲਾਇ ॥ ਅੰਗ - ੧੯੦***

ਜਦੋਂ ਤਕ ਮਨੁੱਖੀ ਮਨ ਗੁਰੂ ਦੇ ਦਰਸ਼ਨਾਂ ਨਾਲ ਮੋਹਿਆ ਨਹੀਂ ਜਾਂਦਾ, ਉਦੋਂ ਤਕ ਇਸ ਦੀ ਭਟਕਣਾ, ਆਸਾ ਤੇ ਚਿੰਤਾ ਨਹੀਂ ਮੁੱਕਦੀ। ਜਦੋਂ ਪ੍ਰੇਮ ਬਾਣੀ ਦੇ ਅਣਿਆਲੇ ਤੀਰਾਂ ਨਾਲ ਮਨ ਵਿੰਨਿਆ ਜਾਂਦਾ ਹੈ, ਉਦੋਂ ਸ਼ਰੀਰਕ ਸੁੱਧ ਹੀ

ਨਹੀਂ ਰਹਿੰਦੀ :

*ਗੁਰੁ ਸੁੰਦਰੁ ਮੋਹਨੁ ਪਾਇ ਕਰੇ, ਹਰਿ ਪ੍ਰੇਮ ਬਾਣੀ ਮਨੁ ਮਾਰਿਆ॥*
*ਮੇਰੈ ਹਿਰਦੈ ਸੁਧਿ ਬੁਧਿ ਵਿਸਰਿ ਗਈ, ਮਨ ਆਸਾ ਚਿੰਤ ਵਿਸਾਰਿਆ॥* *ਅੰਗ - ੭੭੬*

ਇਹ ਮਸਤੀ ਦਾ ਮਾਰਗ ਹੈ। ਇਸ ਉੱਤੇ ਚੱਲਣ ਵਾਲੀ ਕੰਤੀ ਜੋ ਆਪਣੇ ਕੰਤ ਨੂੰ ਪਿਆਰੀ ਲੱਗਦੀ ਹੈ, ਉਹੀ ਸੁਹਾਗਣ ਆਖੀ ਜਾਂਦੀ ਹੈ। ਅਜਿਹੀ ਇਸਤਰੀ ਆਪਣੇ ਸੁਆਮੀ ਦੀ ਸੇਵਾ ਕਰਕੇ ਜੀਵਨ-ਲਾਹਾ ਖੱਟਦੀ ਹੈ। ਉਸ ਗੋਪਾਲ ਦੀ ਓਟ ਰੱਖਦੀ ਹੈ। ਉਹ ਹੋਰ ਪਾਸੇ ਨਹੀਂ ਝਾਕਦੀ ਕਿਉਂਕਿ ਸੁਹਾਗਣ ਇਸਤਰੀਆਂ ਦਾ ਇਹੋ ਹੀ ਕਰਤੱਵ ਹੁੰਦਾ ਹੈ ਜਿਸ ਦੀ ਪੁਸ਼ਟੀ ਹੇਠ ਲਿਖੇ ਪ੍ਰਮਾਣ ਰਾਹੀਂ ਹੁੰਦੀ ਹੈ :

*ਢੂਢੇਦੀਏ ਸੁਹਾਗ ਕੂ, ਤਉ ਤਨਿ ਕਾਈ ਕੋਰ ॥*
*ਜਿਨਾ ਨਾਉ ਸੁਹਾਗਣੀ, ਤਿਨ੍ਾਂ ਝਾਕ ਨ ਹੋਰ ॥* *ਅੰਗ - ੧੩੮੪*

'ਊਠਨ ਬੈਠਨ ਜਨ ਕੈ ਸੰਗਾ' ਦੇ ਪਵਿੱਤਰ ਵਾਕ ਅਨੁਸਾਰ ਜਿਹੜੀ ਜਗਿਆਸੂ ਰੂਪ ਸੁਹਾਗਣਿ ਇਸਤਰੀ ਆਪਣੀਆਂ ਸਖੀਆਂ ਸਹੇਲੀਆਂ ਦੀ ਸੰਗਤ ਵਿਚ ਰਹਿੰਦੀ ਹੋਈ ਗੋਬਿੰਦ ਦੇ ਗੀਤ ਗਾਉਂਦੀ ਹੈ, ਉਸ ਦੀ ਸੁਰਤ, ਸ਼ਬਦ ਦੀ ਧੁਨ ਵਿਚ ਜੁੜੀ ਹੋਈ ਸਦਾ ਖੀਵੀ ਰਹਿੰਦੀ ਹੈ, ਉਸ ਦੇ ਮਨ ਉੱਤੇ ਵਿਸ਼ੇ ਵਿਕਾਰ ਰੂਪੀ ਜ਼ਹਿਰ ਦਾ ਕਤਈ ਅਸਰ ਨਹੀਂ ਪੈਂਦਾ। ਉਹ ਦੁਨਿਆਵੀ ਫਿਕਰਾਂ ਤੋਂ ਉੱਤੇ ਉੱਠ ਜਾਂਦੀ ਹੈ। ਮਾਇਆ ਦਾ ਪ੍ਰਭਾਵ ਉਸ ਤੋਂ ਪਰੇ ਪਰੇ ਭੱਜਦਾ ਹੈ। ਅਜਿਹਾ ਵਲਵਲਾ, ਅਜਿਹੀ ਰਹਿਣੀ ਬਹਿਣੀ ਸੱਚੀ ਪ੍ਰੀਤ ਦੀ ਪ੍ਰਤੀਕ ਹੈ। ਇਸ ਪ੍ਰੀਤ ਨੂੰ ਕੋਈ ਖ਼ਤਮ ਨਹੀਂ ਕਰ ਸਕਦਾ ਅਤੇ ਨਾ ਹੀ ਇਹ ਥੋੜ੍ਹੀ ਹੁੰਦੀ ਹੈ ਕਿਉਂਕਿ ਇਹ ਲਿਵ ਪੂਰਨ ਪ੍ਰਤੀਤ ਦਾ ਰੂਪ ਧਾਰਨ ਕਰ ਚੁੱਕੀ ਹੁੰਦੀ ਹੈ-

*ਚਰਨ ਕਮਲ ਸੰਗਿ ਲਾਗੀ ਡੋਰੀ॥*
*ਸੁਖ ਸਾਗਰ ਕਰਿ ਪਰਮ ਗਤਿ ਮੋਰੀ॥ਰਹਾਉ॥*
*ਅੰਚਲਾ ਗਹਾਇਓ ਜਨ ਅਪੁਨੇ ਕਉ, ਮਨੁ ਬੀਧੋ ਪ੍ਰੇਮ ਕੀ ਖੋਰੀ॥*
*ਜਸੁ ਗਾਵਤ ਭਗਤਿ ਰਸੁ ਉਪਜਿਓ, ਮਾਇਆ ਕੀ ਜਾਲੀ ਤੋਰੀ॥*
*ਪੂਰਨ ਪੂਰਿ ਰਹੈ ਕਿਰਪਾ ਨਿਧਿ, ਆਨ ਨ ਪੇਖਉ ਹੋਰੀ॥*
*ਨਾਨਕ ਮੇਲਿ ਲੀਓ ਦਾਸੁ ਅਪੁਨਾ, ਪ੍ਰੀਤਿ ਨ ਕਬਹੂ ਥੋਰੀ॥* *ਅੰਗ - ੯੭੯*

ਇਹ ਪੀਤ ਟੁੱਟਦੀ ਨਹੀਂ, ਨਾ ਹੀ ਕਿਧਰੇ ਜਾਂਦੀ ਹੈ। ਇਹ ਜਿਥੋਂ ਪੈਦਾ ਹੁੰਦੀ ਹੈ, ਉਸੇ ਵਿਚ ਸਮਾ ਜਾਂਦੀ ਹੈ, ਇਕ-ਮਿਕ ਹੋ ਜਾਂਦੀ ਹੈ। ਇਸ ਪ੍ਰੀਤ ਦਾ, ਪਾਣੀ ਦੀ ਬੂੰਦ ਵਾਲਾ ਹਿਸਾਬ ਹੈ, ਜਿਵੇਂ ਪਾਣੀ ਦੀ ਬੂੰਦ ਜਦੋਂ ਤਕ ਸ਼ਹੁ ਸਾਗਰ ਵਿਚ ਸਮਾਉਂਦੀ ਨਹੀਂ ਉਦੋਂ ਤਕ ਸਬਰ ਨਹੀਂ ਕਰਦੀ। ਗੁਰਦੇਵ ਜੀ ਸੱਚੀ ਪ੍ਰੀਤਿ ਬਾਰੇ ਕਥਨ ਕਰਦੇ ਹਨ:

*ਸਾਚੀ ਪ੍ਰੀਤਿ ਨ ਤੁਟਈ ਪਿਆਰੇ, ਜੁਗੁ ਜੁਗੁ ਰਹੀ ਸਮਾਇ ॥* *ਅੰਗ - ੪੩੨*

ਜਿਸ ਜੀਵ-ਇਸਤਰੀ ਦੀ ਬਾਂਹ ਪਾਰਬ੍ਰਹਮ ਨੇ ਆਪ ਫੜ ਲਈ ਹੋਵੇ, ਉਹ ਮੁੜ ਪਾਰਬ੍ਰਹਮ ਨਾਲੋਂ ਨਹੀਂ ਵਿਛੜਦੀ। ਜਿਵੇਂ ਪਾਣੀ ਪਾਣੀ ਵਿਚ ਰਲਿਆ ਵੱਖਰਾ ਨਹੀਂ ਹੋ ਸਕਦਾ, ਤਿਵੇਂ ਜਿਸ ਨੂੰ ਪ੍ਰੀਤਮ ਆਪਣੇ ਪੱਲੇ ਪਾ ਲਵੇ, ਉਸ ਨੂੰ ਕੋਈ ਵੱਖਰੇ ਨਹੀਂ ਕਰ ਸਕਦਾ। ਗੁਰਵਾਕ ਹਨ :

*ਬ੍ਰਹਮੈ ਬ੍ਰਹਮੁ ਮਿਲਿਆ, ਕੋਇ ਨ ਸਾਕੈ ਭਿੰਨ ਕਰਿ, ਬਲਿ ਰਾਮ ਜੀਉ ॥* *ਅੰਗ - ੭੭੮*

ਅੰਤ ਵਿਚ ਗੁਰਦੇਵ, ਆਪਣੇ ਉਸ ਸੱਜਣ ਤੋਂ ਬਲਿਹਾਰ ਜਾਂਦੇ ਹਨ, ਜੋ ਅਪਹੁੰਚ ਤੇ ਅਥਾਹ ਹੈ ਕਿਉਂਕਿ ਉਸ ਨੂੰ ਬਾਂਹ ਫੜੇ ਦੀ ਲਾਜ ਹੁੰਦੀ ਹੈ। ਉਹ ਜਦ ਆਪਣਾ ਬਣਾ ਲੈਂਦਾ ਹੈ ਤਾਂ ਗੁਣ-ਅਵਗੁਣ ਨਹੀਂ ਵੇਖਦਾ :

*ਬਾਂਹ ਪਕੜਿ ਠਾਕੁਰਿ ਹਉ ਘਿਧੀ ਗੁਣ ਅਵਗਣ ਨ ਪਛਾਣੇ ॥* *ਅੰਗ - ੭੦੪*

*ਬਾਹ ਪਕੜਿ ਤਮ ਤੇ ਕਾਢਿਆ, ਕਰਿ ਅਪੁਨਾ ਲੀਨਾ ਰਾਮ ॥* *ਅੰਗ - ੮੪੯*

*ਮੇਰੇ ਗੁਣ ਅਵਗਨ ਨ ਬੀਚਾਰਿਆ॥ ਪ੍ਰਭਿ ਅਪਣਾ ਬਿਰਦੁ ਸਮਾਰਿਆ॥*
*ਕੰਠਿ ਲਾਇ ਕੈ ਰਖਿਓਨੁ ਲਗੈ ਨ ਤਤੀ ਵਾਉ ਜੀਉ ॥* *ਅੰਗ - ੭੨*

ਜਿਹੜੀਆਂ ਇਸਤਰੀਆਂ ਪਤੀ ਪਰਮਾਤਮਾ ਨਾਲ ਪ੍ਰੇਮ ਕਰਦੀਆਂ ਹੋਈਆਂ ਉਸ ਦੇ ਦਰ ਉੱਤੇ ਢਹਿ ਪੈਂਦੀਆਂ ਹਨ, ਉਨ੍ਹਾਂ ਦੀ ਉਹ ਸਦਾ ਹੀ ਪੈਜ ਰੱਖਦਾ ਹੈ। ਸਰਦੀ ਕਾਰਨ ਭਾਵੇਂ ਪੋਹ ਦਾ ਮਹੀਨਾ ਔਖਾ ਲੱਗਦਾ ਹੈ, ਪਰ ਜਿਸ ਨੂੰ ਪ੍ਰਭੂ ਆਪਣੀ ਸਿਫ਼ਤਿ-ਸਾਲਾਹ ਬਖ਼ਸ਼ ਦੇਵੇ, ਆਪਣੇ ਚਰਨ ਕਮਲਾਂ ਦਾ ਆਸਰਾ ਦੇ ਦੇਵੇ, ਉਸ ਲਈ ਪੋਹ ਦਾ ਮਹੀਨਾ

**(ਬਾਕੀ ਪੰਨਾ 30 'ਤੇ)**

# ਦਸੰਬਰ ਮਹੀਨੇ ਦੇ ਇਤਿਹਾਸਕ ਦਿਨ

*[ਭਾਈ ਮਨਪ੍ਰੀਤ ਸਿੰਘ ਜੀ, ਮੁੱਖ ਸੰਪਾਦਕ]*

- ੧ ਦਸੰਬਰ ੧੭੬੪ ਨੂੰ ਜਥੇਦਾਰ ਗੁਰਬਖਸ਼ ਸਿੰਘ ਅਤੇ ੩੦ ਹੋਰ ਸਿੱਖਾਂ ਨੇ ਦਰਬਾਰ ਸਾਹਿਬ ਦੀ ਬੇਅਦਬੀ ਰੋਕਣ ਲਈ ਸ਼ਹੀਦੀਆਂ ਪਾਈਆਂ।
- ੫ ਦਸੰਬਰ ੧੭੦੫ ਦੀ ਰਾਤ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਛੱਡ ਦਿੱਤਾ।
- ੬ ਦਸੰਬਰ ੧੭੦੫ ਨੂੰ ਮਲਕਪੁਰ ਰਾਮਗੜ੍ਹ ਦੇ ਸਥਾਨ 'ਤੇ ਭਾਈ ਬਚਿੱਤਰ ਸਿੰਘ ਤੇ ਹੋਰ ਸਿੱਖਾਂ ਦਾ ਮੁਗਲ ਫ਼ੌਜਾਂ ਨਾਲ ਡਟ ਕੇ ਮੁਕਾਬਲਾ ਹੋਇਆ। ਸਾਰੇ ਹੀ ਸਿੱਖ ਸ਼ਹੀਦ ਹੋ ਗਏ।
- ੭ ਦਸੰਬਰ ੧੭੦੫ ਨੂੰ ਦਸਵੇਂ ਪਾਤਿਸ਼ਾਹ ਗੁਰੂ ਗੋਬਿੰਦ ਸਿੰਘ ਜੀ ਚਮਕੌਰ ਸਾਹਿਬ ਵਿਖੇ ਪੁੱਜੇ।
- ੭ ਦਸੰਬਰ ੧੭੦੫ ਨੂੰ ਚਮਕੌਰ ਸਾਹਿਬ ਦੀ ਲੜਾਈ ਵਿਚ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ, ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਤੇ ੩੦ ਤੋਂ ਵੱਧ ਸਿੰਘ ਸ਼ਹੀਦ ਹੋਏ।
- ੭ ਦਸੰਬਰ ੧੭੦੫ ਨੂੰ ਬਾਬਾ ਬੰਦਾ ਸਿੰਘ ਬਹਾਦਰ ਨੂੰ ਉਨ੍ਹਾਂ ਦੇ ੭੦੦ ਸਾਥੀਆਂ ਸਮੇਤ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਬੰਦੀ ਬਣਾ ਕੇ ਦਿੱਲੀ ਲਿਜਾਇਆ ਗਿਆ।
- ੮ ਦਸੰਬਰ ੧੭੦੫ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਾਛੀਵਾੜੇ ਪੁੱਜੇ।
- ੮ ਦਸੰਬਰ ੧੭੦੫ ਨੂੰ ਮਾਤਾ ਗੁਜਰੀ ਜੀ ਤੇ ਛੋਟੇ ਸਾਹਿਬਜ਼ਾਦਿਆਂ ਨੂੰ ਮੁਗਲਾਂ ਵਲੋਂ ਗ੍ਰਿਫ਼ਤਾਰ ਕੀਤਾ ਗਿਆ।
- ੧੨ ਦਸੰਬਰ ੧੭੬੨ ਵਿਚ ਸਿੱਖਾਂ ਤੋਂ ਬੁਰੀ ਤਰ੍ਹਾਂ ਹਾਰ ਜਾਣ 'ਤੇ ਅਹਿਮਦ ਸ਼ਾਹ ਅਬਦਾਲੀ ਆਪਣੇ ਵਤਨ ਵਾਪਸ ਚਲਾ ਗਿਆ। ਕਾਬਲੀ ਮੱਲ ਪੰਜਾਬ ਦਾ ਗਵਰਨਰ ਬਣਿਆ ਤੇ ਸਿਖ ਪੰਜਾਬ ਦੇ ਅਸਲੀ ਮਾਲਕ ਬਣ ਗਏ ।
- ੧੪ ਦਸੰਬਰ ੧੮੪੬ ਨੂੰ ਭਰੋਵਾਲ ਦੀ ਸੰਧੀ ਅੰਗਰੇਜ਼ਾਂ ਅਤੇ ਸਿਖ ਰਾਜ ਲਾਹੌਰ ਦਰਮਿਆਨ ਹੋਈ। ਜਿਸ ਅਨੁਸਾਰ ਗੁਲਾਬ ਸਿੰਘ ਨੂੰ ਜੰਮੂ ਕਸ਼ਮੀਰ ਦੇ ਮਹਾਰਾਜੇ ਦੇ ਤੌਰ 'ਤੇ ਮਾਨਤਾ ਮਿਲੀ ਅਤੇ ਹੈਨਰੀ ਲਾਰੈਂਸ ਨੂੰ ਲਾਹੌਰ ਦਰਬਾਰ ਵਿਖੇ ਬਤੌਰ ਬਰਤਾਨਵੀ ਰੈਜ਼ੀਡੈਂਟ ਨਿਯੁਕਤ ਕੀਤਾ ਗਿਆ।
- ੧੭ ਦਸੰਬਰ ੧੬੩੪ ਵਿਚ ਮਹਿਰਾਜ ਦੀ ਲੜਾਈ ਵਿਚ ਭਾਈ ਜੈਤਾ, ਭਾਈ ਸੁਖੀਆ ਮਾਂਡਨ ਤੇ ਸੈਂਕੜੇ ਹੋਰ ਸਿੰਘ ਸ਼ਹੀਦ ਹੋਏ। ਇਹ ਲੜਾਈ ਕਈ ਦਿਨ ਚੱਲਦੀ ਰਹੀ।
- ੧੮ ਦਸੰਬਰ ੧੮੪੫ ਨੂੰ ਮੁਦਕੀ ਦੇ ਸਥਾਨ 'ਤੇ ਅੰਗਰੇਜ਼ਾਂ ਅਤੇ ਸਿੱਖਾਂ ਦਰਮਿਆਨ ਪਹਿਲੀ ਜੰਗ ਸ਼ੁਰੂ ਹੋਈ।
- ੨੦ ਦਸੰਬਰ ੧੯੨੦ ਨੂੰ ਅਦਾਲਤ ਨੇ ਗੁਰਦੁਆਰਾ ਪੰਜਾ ਸਾਹਿਬ ਦੇ ਮਹੰਤ ਵਲੋਂ ਸ਼੍ਰੋਮਣੀ ਕਮੇਟੀ ਦੇ ਵਿਰੁੱਧ ਕੀਤੀ ਪਟੀਸ਼ਨ ਰੱਦ ਕਰ ਦਿੱਤੀ।
- ੨੧ ਦਸੰਬਰ ੧੭੦੫ ਨੂੰ ਦਸਵੇਂ ਪਾਤਿਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ 'ਜ਼ਫਰਨਾਮਾ' ਲਿਖਿਆ।
- ੨੨ ਦਸੰਬਰ ੧੬੩੨ ਨੂੰ ਤੀਜੀ ਗੋਲਮੇਜ਼ ਕਾਨਫਰੰਸ ਲੰਡਨ ਵਿਚ ਹੋਈ; ਸਿੱਖਾਂ ਨੇ ਇਸ ਦਾ ਮੁਕੰਮਲ ਬਾਈਕਾਟ ਕੀਤਾ।
- ੨੭ ਦਸੰਬਰ ੧੭੦੫ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕੋਟ ਕਪੂਰੇ ਵਿਖੇ ਪੁੱਜੇ ਤੇ ਇਥੋਂ ਢਿਲਵਾਂ ਨੂੰ ਚਾਲੇ ਪਾਏ।
- ੨੮ ਦਸੰਬਰ ੧੬੨੦ ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਗਵਾਲੀਅਰ ਦੇ ਕਿਲ੍ਹੇ ਤੋਂ ਰਿਹਾਅ ਹੋ ਕੇ ਪਹਿਲੀ ਵਾਰ ਸ੍ਰੀ ਹਰਿਮੰਦਰ ਸਾਹਿਬ (ਅੰਮ੍ਰਿਤਸਰ) ਪੁੱਜੇ।
- ੨੯ ਦਸੰਬਰ ੧੭੦੫ ਨੂੰ ਮਾਝੇ ਦੇ ੪੦ ਸਿੱਖਾਂ ਨੂੰ ਨਾਲ ਲੈ ਕੇ ਮਾਈ ਭਾਗੋ ਰੁਪਾਨਾ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਮਿਲੀ।
- ੨੯ ਦਸੰਬਰ ੧੭੦੫ ਨੂੰ ਖਿਦਰਾਣੇ ਦੀ ਢਾਬ (ਮੁਕਤਸਰ) ਵਿਖੇ ੪੦ ਮੁਕਤਿਆਂ ਨੇ ਜੰਗ ਦੇ ਮੈਦਾਨ ਵਿਚ ਸ਼ਹੀਦੀਆਂ ਪ੍ਰਾਪਤ ਕੀਤੀਆਂ।
- ੩੧ ਦਸੰਬਰ ੧੬੧੨ ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਅੰਮ੍ਰਿਤਸਰ ਤੋਂ ਦਿੱਲੀ ਲਈ ਰਵਾਨਾ ਹੋਏ।



# ਜੇਲ੍ਹ ਚਿੱਠੀਆਂ

*[ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]*



੪. ਆਪ ਨੇ ਅਖੰਡ ਪਾਠ ਇਕ ਚੌਂਕੜੀ ਬੈਠ ਕੇ ਸਰਵਣ ਕੀਤੇ। ਪਹਿਲੇ ਦਾ ਭੋਗ ੨੩ ਨਵੰਬਰ ੧੯੦੪ ਨੂੰ ਪਿਆ। ਦੂਜਾ ਅਖੰਡ ਪਾਠ ੧੩ ਜਨਵਰੀ ੧੯੦੫ ਨੂੰ ਸਮਪਾਤ ਹੋਇਆ ਤੇ ਏਸ ਅਖੰਡ ਪਾਠ ਦੇ ਸੁਣਨ ਦੇ ਪ੍ਰਤਾਪ ਵਜੋਂ ਹੀ ਆਪ ਨੂੰ ਦਸਮ ਪਾਤਸ਼ਾਹ ਦੇ ਦਰਸ਼ਨ ਹੋਏ।

੫. ਭਾਈ ਸਾਹਿਬ ਜੀ ੧੯ ਫਰਵਰੀ ੧੯੧੫ ਨੂੰ ਜੱਥੇ ਸਮੇਤ ਫਿਰੋਜਪੁਰ ਛਾਉਣੀ ਕਿਲ੍ਹੇ 'ਤੇ ਧਾਵਾ ਕਰਨ ਵਾਸਤੇ ਗਏ।

੬. ਭਾਈ ਸਾਹਿਬ ੯ ਮਈ ੧੯੧੫ ਈ: ਨੂੰ ਨਾਭੇ ਨਜ਼ਰਬੰਦ ਹੋਏ। ੧੭ ਜੂਨ ੧੯੧੦ ਨੂੰ ਲੁਧਿਆਣੇ ਲਿਆਂਦੇ ਗਏ।

੭. ਲਾਹੌਰ ਸਾਜ਼ਸ਼ ਕੇਸ ਵਿਚ ੩੦ ਮਾਰਚ ੧੯੧੬ ਨੂੰ ਸਰਕਾਰ ਅੰਗਰੇਜ਼ੀ ਵਿਰੁੱਧ ਬਗ਼ਾਵਤ ਦੇ ਦੋਸ਼ ਵਿੱਚ ਉਮਰ ਕੈਦ (ਕਾਲੇ ਪਾਣੀ) ਤੇ ਜ਼ਬਤੀ ਜਾਇਦਾਦ ਦੀ ਸਜ਼ਾ ਹੋਈ।

੮. ੫ ਅਪਰੈਲ ੧੯੧੬ ਤੋਂ ਲੈ ਕੇ ਮੁਲਤਾਨ ਸੈਂਟਰਲ ਜੇਲ੍ਹ ਵਿਚ ੪੦ ਦਿਨ ਨਿਰਜਲ ਅਹਾਰ ਭੁਖ ਹੜਤਾਲ ਪਰ ਰਹੇ। ਅਪਰੈਲ ਮਈ ਦੇ ਦਿਨਾਂ ਵਿਚ ਬਿਨਾਂ ਜਲ ਤੋਂ ੪੦ ਦਿਨ ਕੱਟ ਕੇ ਸਹੀ ਸਲਾਮਤ ਜਿਊਂਦੇ ਰਹਿਣ ਦੀ ਮਿਸਾਲ ਇਤਿਹਾਸ ਵਿਚ ਨਹੀਂ ਮਿਲਦੀ।

੯. ਪਹਿਲੇ ਮੁਕੱਦਮਾ ਸਾਜ਼ਸ਼ ਲਾਹੌਰ ਵਿਚ ੬੪ ਸੱਜਣ ਮੁਲਜ਼ਮ ਸਨ, ਜਿਨ੍ਹਾਂ ਵਿਚੋਂ ਸੱਤ ਫਾਂਸੀ ਲੱਗੇ।

ਇਸ ਦਾ ਫੈਸਲਾ ੧੩ ਸਤੰਬਰ ੧੯੧੫ ਨੂੰ ਸੁਣਾਇਆ ਗਿਆ।

੧੦. ਦੂਜੇ ਮੁਕੱਦਮਾ ਸਾਜ਼ਸ਼ ਲਾਹੌਰ ਦਾ ਫ਼ੈਸਲਾ ੩੦ ਮਾਰਚ ੧੯੧੬ ਨੂੰ ਹੋਇਆ, ਇਸ ਵਿਚ ਪੰਜ ਸੱਜਣ ਫਾਂਸੀ ਲੱਗੇ।

੧੧. ਤੀਜੇ ਮੁਕੱਦਮਾ ਸਾਜ਼ਸ਼ ਲਾਹੌਰ ਦਾ ਫੈਸਲਾ ੫ ਜਨਵਰੀ ੧੯੧੭ ਨੂੰ ਹੋਇਆ, ਇਸ ਵਿਚ ਭੀ ਪੰਜ ਸੱਜਣ ਫਾਂਸੀ ਲੱਗੇ।

੧੨. ਨਾਗਪੁਰ ਜੇਲ੍ਹ ਦੇ ਤਸੀਹਿਆਂ ਸਮੇਂ ੧ ਫ਼ਰਵਰੀ ੧੯੨੩ ਨੂੰ ਪੰਥ ਵੱਲੋਂ ਭਾਈ ਸਾਹਿਬ ਤੇ ਹੋਰ ਸਿੱਖ ਕੈਦੀਆਂ ਸੰਬੰਧੀ ਅਰਦਾਸ ਦਾ ਦਿਨ ਮਨਾਇਆ ਗਿਆ।

੧੩. ੪ ਅਕਤੂਬਰ ੧੯੩੦ ਨੂੰ ਲਾਹੌਰ ਸੈਂਟਰਲ ਜੇਲ੍ਹ ਤੋਂ ਰਿਹਾਅ ਹੋਏ।

੧੪. ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ੧੫ ਸਤੰਬਰ ੧੯੩੧ ਨੂੰ ਹੁਕਮਨਾਮਾ ਤੇ ਸਿਰੋਪਾਉ ਪ੍ਰਾਪਤ ਹੋਇਆ।

੧੫. ਚਲਾਣਾ- ੧੬ ਅਪ੍ਰੈਲ ੧੯੬੧ ਸਵੇਰੇ ਸਾਢੇ ਸੱਤ ਵਜੇ ਕੋਠੀ ਨੰਬਰ ੭੯ ਮਾਡਲ ਟਾਊਨ, ਲੁਧਿਆਣਾ।

**ਅੰਤਿਕਾ ਨੰ: ੭**

## ਪੁਸਤਕ ਰਚਨਾ ਸੰਬੰਧੀ

ਜੇਲ੍ਹ ਚਿੱਠੀਆਂ ਦੀ ਪਹਿਲੀ ਐਡੀਸ਼ਨ ਦਾ ਪਹਿਲਾ ਤੇ ਦੂਜਾ ਹਿੱਸਾ ੧੯੩੬ ਵਿਚ ਤੇ ਤੀਜਾ ਹਿੱਸਾ ੧੯੩੮ ਵਿਚ ਛਪਿਆ। ਦੂਜੀ ਐਡੀਸ਼ਨ ਜਨਵਰੀ ੧੯੫੧ ਵਿਚ ਛਪੀ, ਜਿਸ ਵਿਚ ਤਿੰਨ ਹਿੱਸੇ ਇਕੱਠੇ ਕਰਕੇ ਇਕੋ ਪੁਸਤਕ ਬਣਾ ਦਿੱਤੀ ਗਈ। ਹੁਣ ਚੌਥੀ ਐਡੀਸ਼ਨ ਪ੍ਰਕਾਸ਼ਤ ਹੋਈ ਹੈ। ਸਮਾਂ ਬਦਲ ਗਿਆ ਹੈ, ਹੁਣ ਅੰਗਰੇਜ਼ੀ ਰਾਜ ਦੇ ਸਮੇਂ ਵਾਲੀਆਂ ਕਈ ਔਕੜਾਂ ਦੂਰ ਹੋ ਗਈਆਂ ਹਨ। ਇਸ ਵਾਸਤੇ ਜੇਲ੍ਹ-ਚਿੱਠੀਆਂ ਦੇ ਲਿਖੇ ਜਾਣ ਤੇ ਸੰਭਾਲ ਬਾਰੇ ਜੋ ਗੱਲਾਂ ਅਗੇ ਪ੍ਰਗਟ ਨਹੀਂ ਕੀਤੀਆਂ ਗਈਆਂ, ਉਹ ਇਸ਼ਾਰੇ ਮਾਤ੍ਰ ਹੁਣ ਲਿਖੀਆਂ ਜਾਂਦੀਆਂ ਹਨ।

ਇਹਨਾਂ ਚਿੱਠੀਆਂ ਦਾ ਡਾਕ ਰਾਹੀਂ ਭੇਜਣ ਭਿਜਵਾਉਣ ਦਾ ਸਿਲਸਿਲਾ ਗੁਪਤ ਵਸੀਲੇ ਰਾਹੀਂ ਜਾਰੀ ਰਿਹਾ ਹੈ। ਜੇਲ੍ਹਾਂ ਵਿਚ ਰਹਿ ਆਏ ਸੱਜਣ ਜਾਣਦੇ ਹਨ ਕਿ ਇਹ ਚਿੱਠੀ-ਪੱਤਰ ਦਾ ਸਿਲਸਿਲਾ ਕਿਸ ਤਰ੍ਹਾਂ ਚਲਦਾ ਹੈ। ਇਨ੍ਹਾਂ ਦੇ ਲਿਖਣ ਦਾ ਅਰੰਭ ਰਾਜ ਮੰਦਰੀ ਜੇਲ੍ਹ ਤੋਂ ੧੯੨੨ ਵਿਚ ਹੋਇਆ ਜੋ ਅਠ-ਨੌਂ ਸਾਲ ਤਕ ਨਾਗਪੁਰ ਜੇਲ੍ਹ ਤੋਂ ਭੀ ਚਲਦਾ ਰਿਹਾ। ਪੁਲੀਸ ਨੂੰ ਕਿਵੇਂ ਸੂਹ ਲੱਗ ਗਈ ਸੀ, ਸੋ ਉਹ ਇਹਨਾਂ ਚਿੱਠੀਆਂ ਦੀ ਭਾਲ ਵਿਚ ਲੱਗੀ ਰਹਿੰਦੀ ਸੀ। ਤੇ ਮੇਰੇ ਮਗਰ ਪੁਲਿਸ ਦਾ ਇਕ ਆਦਮੀ ਸਫ਼ਰ ਵਿਚ ਭੀ ਨਾਲ ਰਹਿੰਦਾ ਸੀ ਤੇ ਪੁਲਿਸ ਵਾਲੇ ਅਕਸਰ ਆਪਣੀ ਬੋਲੀ ਵਿਚ ਮੈ Leader's Letterbox (ਲੀਡਰਾਂ ਦਾ ਲੈਟਰਬਕਸ) ਕਿਹਾ ਕਰਦੇ ਸਨ। ੧੯੨੪ ਵਿਚ ਮਿਸਟਰ ਹਮੀਦੁਲਾ ਸੁਪ੍ਰੰਟੰਡੰਟ ਪੁਲੀਸ ਲੁਧਿਆਣਾ ਨੇ ਮੇਰੇ ਵਿਰੁੱਧ ਉਸ ਵੇਲੇ ਦੇ ਡਿਪਟੀ ਕਮਿਸ਼ਨਰ ਕੰਵਰ ਰਘੁਬੀਰ ਸਿੰਘ ਨੂੰ ਰਿਪੋਟ ਕੀਤੀ ਸੀ- He is a very dangerous man; we are after him for the last several years' ਅਰਥਾਤ 'ਇਹ ਬੜਾ ਖ਼ਤਰਨਾਕ ਆਦਮੀ ਹੈ, ਅਸੀਂ ਕਈ ਸਾਲ ਤੋਂ ਇਸ ਦੇ ਮਗਰ ਲੱਗੇ ਹੋਏ ਹਾਂ।' ਉਸ ਵੇਲੇ ਇਹ ਡਰ ਸੀ ਕਿ ਇਹ ਕੀਮਤੀ ਇਤਿਹਾਸਕ ਮਸਾਲਾ ਕਿਤੇ ਪੁਲੀਸ ਦੇ ਹੱਥ ਨਾ ਆ ਜਾਵੇ। ਉਸ ਸਮੇਂ ਇਸ ਦੀ ਸੰਭਾਲ ਲਈ ਹੇਠ ਲਿਖੇ ਸੱਜਣਾਂ ਨੇ ਬੜੀ ਹਮਦਰਦੀ ਭਰੀ ਹੌਂਸਲੇ ਵਾਲੀ ਸਹਾਇਤਾ ਕੀਤਾ। ਅਸਲ ਚਿੱਠੀਆਂ ਸਾਡੇ ਪੁਰਾਣੇ ਸੱਜਣ ਗਿਆਨੀ ਇੰਦਰ ਸਿੰਘ ਬੀ.ਏ. ਪਿੰਡ ਕਬਾਹੇੜੀ ਜਿਲ੍ਹਾ ਅੰਬਾਲਾ ਤੇ ਗਿਆਨੀ ਰਣਜੀਤ ਸਿੰਘ ਪਿੰਡ ਨਿਹੁਲਕਾ ਜਿਲ੍ਹਾ ਅੰਬਾਲਾ ਨੇ ਸੰਭਾਲ ਲਈਆਂ। ਫੇਰ ਇਹਨਾਂ ਦੀ ਨਕਲ ਗਿਆਨੀ ਹਰਿਭਜਨ ਸਿੰਘ ਜੀ ਪਿੰਡ ਚਰੜੀਆਂ ਮੁਤਸਿਲ ਰੋਪੜ ਜਿਲ੍ਹਾ ਅੰਬਾਲਾ ਪਾਸ ਰੱਖੀ ਗਈ। ਉਪਰੰਤ ਏਹ ਸਾਰਾ ਮਸਾਲਾ ਪਰਲੋਕ ਨਿਵਾਸੀ ਗਿਆਨੀ ਸੱਜਣ ਸਿੰਘ ਨੰਬਰਦਾਰ ਪਿੰਡ ਰੁੜਕਾ ਭੰਗੂਆਂ ਜਿਲ੍ਹਾ ਲੁਧਿਆਣਾ ਨੇ ਦੋ ਸਤਕ ਪੂਰੀ ਹਿਫ਼ਾਜ਼ਤ ਨਾਲ ਸਾਂਭੀ ਰਖਿਆ। ਦਾਸ ਇਹਨਾਂ ਸੱਜਣਾਂ ਦਾ ਅਤਿਅੰਤ ਧੰਨਵਾਦੀ ਹੈ, ਜਿਨ੍ਹਾਂ ਨੇ ਇਸ ਔਕੜ ਤੇ ਔਖ ਦੇ ਸਮੇਂ ਵਿਚ ਆਪਣੇ ਆਪ ਨੂੰ ਖ਼ਤਰੇ ਵਿਚ ਪਾ ਕੇ ਦਾਸ ਦੀ ਸਹਾਇਤਾ ਕੀਤੀ ਤੇ ਇਸ ਕੀਮਤੀ ਲਿਟਰੇਚਰ ਨੂੰ ਸੰਭਾਲੀ ਰਖਿਆ। ਚੌਦਾਂ ਸਾਲ ਦੀ ਸੰਭਾਲ ਤੋਂ ਬਾਅਦ ਇਹ ਸਭ ਮਸਾਲਾ ਜੇਲ੍ਹ-ਚਿੱਠੀਆਂ ਦੀ ਸ਼ਕਲ 'ਚ ਪ੍ਰਕਾਸ਼ਤ ਹੋ ਗਿਆ। ਜੇਲ੍ਹ-ਚਿੱਠੀਆਂ ਆਦਿ ਪੁਸਤਕਾਂ ਦੀ ਰਚਨਾ ਦੀ ਕਹਾਣੀ ਭੀ ਅਜੀਬ ਹੀ ਹੈ। ਜਿਸ ਦਾ ਟੂਕ ਮਾਤਰ ਦੱਸਣਾ ਅਯੋਗ ਨਾ ਹੋਵੇਗਾ। ਭਾਈ ਸਾਹਿਬ ਲੁਧਿਆਣੇ ਕੋਤਵਾਲੀ ਤੋਂ ੨੫ ਜੂਨ ੧੯੧੫ ਨੂੰ ਜੇਲ੍ਹ ਭੇਜੇ ਗਏ ਤੇ ਮੈਂ ਉਸੇ ਦਿਨ ਇਕ ਹੋਰ ਸਾਥੀ ਭਾਈ ਹਰਨਾਮ ਸਿੰਘ ਗੁਜਰਵਾਲ ਸਮੇਤ ਗ੍ਰਿਫ਼ਤਾਰ ਹੋ ਗਿਆ। ਸਾਨੂੰ ਕੋਤਵਾਲੀ ਤੋਂ ੨ ਜੁਲਾਈ ੧੯੧੫ ਨੂੰ ਜੇਲ੍ਹ ਭੇਜ ਦਿਤਾ ਗਿਆ। ਜੇਲ੍ਹ ਵਿਚ ਭਾਈ ਸਾਹਿਬ ਨੂੰ ਮਿਲ ਕੇ ਚਿਤ ਬੜਾ ਪ੍ਰਸੰਨ ਹੋਇਆ। ਮਾਨੋ ਗ੍ਰਿਫ਼ਤਾਰੀ ਦਾ ਦੁੱਖ ਭੁਲ ਗਿਆ। ਮੈਂ ਕਿਹਾ, 'ਭਾਈ ਸਾਹਿਬ! ਆਪਾਂ ਹੁਣ ਇਥੇ ਇਕੱਠੇ ਰਹਾਂਗੇ।' ਆਪ ਨੇ ਬੜੇ ਗੰਭੀਰ ਹੋ ਕੇ ਉਤਰ ਦਿੱਤਾ, 'ਬੜਾ ਅੱਛਾ ਹੋਇਆ ਤੁਸੀਂ ਜੇਲ੍ਹ ਵਿਚ ਆ ਗਏ।' ਉਸ ਵੇਲੇ ਮੈਂ ਹੈਰਾਨ ਹੋ ਕੇ ਚੁੱਪ ਕਰ ਗਿਆ। ਸਮਾਂ ਲੰਘਦਾ ਲੰਘਦਾ ਲੰਘ ਗਿਆ, ਵਰ੍ਹੇ ਬੀਤੇ ਗਏ। ਸਭ ਸੱਜਣ ਜੇਲ੍ਹਾਂ ਤੋਂ ਆ ਕੇ ਘਰੀਂ ਵਸਣ ਰਸਣ ਲੱਗੇ। ਸੁੱਖ ਦਾ ਸਮਾਂ ਬੀਤਣ ਲੱਗਾ ਕਿ ਅਚਾਨਕ ੯ ਮਈ ੧੯੫੪ ਨੂੰ ਮੈਨੂੰ ਭਾਈ ਸਾਹਿਬ ਤੋਂ ਪੁਛਣ ਦਾ ਖਿਆਲ ਆਇਆ। ਮਾਡਲ ਟਾਊਨ ਲੁਧਿਆਣੇ ਵਿਚ ਬੈਠੇ ਅਸੀਂ ਗੱਲਾਂ ਕਰ ਰਹੇ ਸੀ ਤੇ ਮੈਂ ਪੁੱਛਿਆ ਆਪ ਦਾ ਇਹ ਕਹਿਣ ਤੋਂ ਕੀ ਭਾਵ ਸੀ ਕਿ 'ਬੜਾ ਅੱਛਾ ਹੋਇਆ, ਤੁਸੀਂ ਜੇਲ੍ਹ ਵਿਚ ਆ ਗਏ।' ਤਾਂ ਆਪ ਨੇ ਉਤਰ ਦਿੱਤਾ ਕਿ, 'ਅਜੇ ਭੀ ਇਸ ਗੱਲ ਦੇ ਪੁੱਛਣ ਦੀ ਕੀ ਲੋੜ ਹੈ?' ਮੈਂ ਕਿਹਾ ਕਿ ਮੈਂ ਸਮਝ ਗਿਆ ਕਿ ਆਪ ਨੂੰ ਪੁਸਤਕਾਂ ਦੇ ਲਿਖਣ ਅਤੇ ਛਪਣ ਦੇ ਸਿਲਸਿਲੇ ਦੇ ਚਲਣ ਦਾ ਪਹਿਲਾਂ ਹੀ ਅਨੁਭਵ ਸੀ। ਅਰਥਾਤ ਉਹ ਸਮਝਦੇ ਸੀ ਕਿ ਜੇਲ੍ਹ ਯਾਤਰਾ ਤੋਂ ਪਿਛੋਂ ਪੁਸਤਕਾਂ ਦੀ ਰਚਨਾ ਦਾ ਸਮਾਂ ਆਵੇਗਾ ਤੇ ਵਰ੍ਹਿਆਂ ਬੱਧੀ ਚਲੇਗਾ ਜੋ ਕਿ ਹੁਣ ਤਕ ਚੱਲ ਰਿਹਾ ਹੈ। ਤੇ ਆਪ ਦੀਆਂ ਤਿੰਨ ਦਰਜਨ ਪੁਸਤਕਾਂ ਛਪ ਚੁੱਕੀਆਂ ਹਨ। ਪੁਸਤਕਾਂ ਦੀ ਸੰਭਾਲ, ਵੱਟਕ, ਆਮਦਨ, ਖ਼ਰਚ ਦਾ ਸਭ ਹਿਸਾਬ ਪਿਛਲੇ ਵੀਹ ਸਾਲ ਤੋਂ ਗਿਆਨੀ ਹਰਿਭਜਨ ਸਿੰਘ ਜੀ ਮੈਨੇਜਰ ਪੰਜਾਬ ਗਿਆਨੀ ਪ੍ਰੈਸ, ਭਦੌੜ ਹਾਊਸ, ਲੁਧਿਆਣਾ ਚਲਾ ਰਹੇ ਹਨ। ਹੋਰ ਕਿਸੇ ਪਾਸ ਕੋਈ ਹਿਸਾਬ ਨਹੀਂ ਤੇ ਨਾ ਕਦੇ ਰਿਹਾ ਹੈ। ਪਿਛਲੇ ਬਾਰ੍ਹਾਂ ਸਾਲ ਤੋਂ ਭਗਤ ਅਮਰ ਸਿੰਘ ਜੀ ਪੁਸਤਕਾਂ ਦੀ ਛਪਾਈ ਤੇ ਵਿਕਰੀ ਵਿਚ ਖ਼ਾਸ ਦਿਲਚਸਪੀ ਲੈ ਰਹੇ ਹਨ। ਇਨ੍ਹਾਂ ਦੇ ਉਦਮ ਨਾਲ ਪੁਸਤਕਾਂ ਦੂਰ-ਦੂਰ ਪਹੁੰਚਦੀਆਂ ਤੇ ਲਗਦੀਆਂ ਹਨ। ਪੁਸਤਕਾਂ ਦੇ ਲਾਉਣ ਦਾ ਬਹੁਤਾ ਕੰਮ ਇਨ੍ਹਾਂ ਦੇ ਹੱਥੀਂ ਹੀ ਹੁੰਦਾ ਹੈ। ਪੁਸਤਕਾਂ ਦੀ ਵਿਕਰੀ ਕਰਨ ਜਾਂ ਕਿਧਰੇ ਆਉਣ ਜਾਣ ਬਾਰੇ ਕਿਸੇ ਤਰ੍ਹਾਂ ਦਾ ਖ਼ਰਚ ਭਗਤ ਜੀ ਜਾਂ ਕਿਸੇ ਹੋਰ ਨੇ ਕਦੇ ਪੁਸਤਕ ਫੰਡ ਉਪਰ ਨਹੀਂ ਪਾਇਆ। ਪੁਸਤਕ ਫੰਡ ਵਿਚੋਂ ਨਾ ਹੀ ਕੁਝ ਭਾਈ ਸਾਹਿਬ ਨੂੰ ਮਿਲਦਾ ਹੈ ਨਾ ਕਿਸੇ ਹੋਰ ਨੂੰ। ਪੁਸਤਕਾਂ ਦੀ ਵੱਟਕ ਪੁਸਤਕਾਂ ਪਰ ਹੀ ਖ਼ਰਚ ਹੁੰਦੀ ਹੈ। ਇਸੇ ਕਰਕੇ ਪੁਸਤਕਾਂ ਆਮ ਬਜ਼ਾਰੀ ਮੁੱਲ ਨਾਲੋਂ ਸਸਤੀਆਂ ਦਿੱਤੀਆਂ ਜਾਂਦੀਆਂ ਹਨ। ਇਸ ਤਰ੍ਹਾਂ ਪੁਸਤਕਾਂ ਦੀ ਰਚਨਾ ਤੇ ਛਪਾਈ ਦਾ ਸਿਲਸਿਲਾ ਤੇ ਪ੍ਰਬੰਧ ਪਿਛਲੇ ੨੦ ਸਾਲ ਤੋਂ ਚਲ ਰਿਹਾ ਹੈ। ਜਿਵੇਂ ਪੁਸਤਕਾਂ ਛਪਣੀਆਂ ਸ਼ੁਰੂ ਹੋਈਆਂ ਤੇ ਪੁਸਤਕਾਂ ਫੰਡ ਦਾ ਬਾਨਣੂ ਬੱਝਾ, ਉਹ ਪੁਸਤਕ ਦੇ ਮੁੱਢ ਵਿਚ ਧੰਨਵਾਦ ਵਿਚ ਦਰਜ ਕੀਤਾ ਗਿਆ ਹੈ।

# ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵਿੱਚ ਗੁਰੂ ਦੀ ਵਿਆਖਿਆ

*[(ਗੁਰਪੁਰਵਾਸੀ) ਭਾਈ ਜੋਗਿੰਦਰ ਸਿੰਘ ਜੀ, ਤਲਵਾੜਾ]*

ਗੁਰੂ ਦਾ ਅਖਰੀ ਅਰਥ ਹੈ 'ਅੰਧੇਰੇ ਵਿਚ ਪ੍ਰਕਾਸ਼ ਕਰਨ ਵਾਲੀ ਹਸਤੀ'। ਇਹ ਹਸਤੀ ਕਰਤਾ ਪੁਰਖ ਆਪ ਹੈ –

***ਆਦਿ ਅੰਤਿ ਏਕੈ ਅਵਤਾਰਾ॥***
***ਸੋਈ ਗੁਰੂ ਸਮਝਿਯਹੁ ਹਮਾਰਾ॥***

***ਬੇਨਤੀ ਚਉਪਈ ਪਾ. 10***

ਇਸ ਅਨੁਸਾਰ ਅਕਾਲ ਪੁਰਖ ਦੇ ਬੇਅੰਤ ਗੁਣਾਂ ਵਿਚੋਂ ਉਸ ਦਾ ਪ੍ਰਮੁਖ ਗੁਣ 'ਗੁਰੂ' ਹੈ। ਆਪਣੇ ਅਸਲੇ ਦੀ ਪਛਾਣ ਅਤੇ ਉਸ ਵਿਚ ਲੀਨਤਾ ਲਈ ਗੁਰੂ ਪਾਸੋਂ ਜਾਪ ਲਈ ਜੋ 'ਵਾਹਿਗੁਰੂ' ਗੁਰਮੰਤਰ ਮਿਲਦਾ ਹੈ ਉਸ ਤੋਂ ਵੀ ਕਰਤਾ ਪੁਰਖ ਦਾ 'ਗੁਰੂ' ਗੁਣ ਉਜਾਗਰ ਹੁੰਦਾ ਹੈ।

ਗੁਰੂ-ਕਰਤਾਰ ਨੇ ਆਪਣਾ ਸੰਪੂਰਨ ਪ੍ਰਕਾਸ਼ ਗੁਰੂ ਨਾਨਕ ਦੇਵ ਜੀ ਨੂੰ ਬਖ਼ਸ਼ਿਆ। ਅਜਿਹੇ ਅਪਰੰਪਰ, ਪਾਰਬ੍ਰਹਮ ਪਰਮੇਸ਼ਰ ਗੁਰੂ ਦੀ ਪ੍ਰਾਪਤੀ ਅਤੇ ਉਸ ਤੋਂ ਤੱਤ ਜੋਤਿ ਦੇ ਪ੍ਰਕਾਸ਼ ਦਾ ਵਰਣਨ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਇਉਂ ਹੈ –

***ਤਤੁ ਨਿਰੰਜਨੁ ਜੋਤਿ ਸਬਾਈ ਸੋਹੰ ਭੇਦੁ ਨ ਕੋਈ ਜੀਉ॥***
***ਅਪੰਰਪਰ ਪਾਰਬ੍ਰਹਮ ਪਰਮੇਸਰੁ,***
***ਨਾਨਕ ਗੁਰੁ ਮਿਲਿਆ ਸੋਈ ਜੀਉ॥***

***ਅੰਗ – 599***

ਏਸ ਰਹੱਸ ਨੂੰ ਪੁਰਾਤਨ ਜਨਮ ਸਾਖੀ ਵਿਚ ਵਧੇਰੇ ਵਿਸਥਾਰ ਨਾਲ ਬਿਆਨ ਕੀਤਾ ਹੋਇਆ ਹੈ ਅਤੇ ਇਸ ਵਿਚ ਗੁਰੂ ਬਾਬੇ ਜੀ ਨੂੰ 'ਗੁਰ-ਪਰਮੇਸਰ' ਦੀ ਪਦਵੀ ਦੀ ਥਾਪਨਾ ਬਾਰੇ ਸੰਕੇਤ ਇਸ ਪ੍ਰਕਾਰ ਹੈ –

"ਨਾਨਕ! ਜਿਸ ਉਪਰ ਤੇਰੀ ਨਦਰਿ ਤਿਸ ਉਪਰਿ ਮੇਰੀ ਨਦਰਿ! ਜਿਸੁ ਉਪਰਿ ਤੇਰਾ ਕਰਮੁ ਤਿਸੁ ਉਪਰਿ ਮੇਰਾ ਕਰਮੁ। ਮੇਰਾ ਨਾਉ ਪਾਰਬ੍ਰਹਮ ਪਰਮੇਸਰੁ ਅਰ ਤੇਰਾ ਨਾਉ ਗੁਰੁ ਪਰਮੇਸਰੁ।

ਕਰਤਾ ਪੁਰਖ ਦੀ ਗੁਰੂ ਜੋਤਿ, ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤਕ ਦਸਾਂ ਜਾਮਿਆਂ ਵਿਚ ਸਮਾਨ ਵਰਤਦੀ ਹੋਈ ਹੁਣ ਸ਼ਬਦ-ਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਿਦਮਾਨ ਹੈ ਅਤੇ ਜੀਵਾਂ ਨੂੰ ਗਿਆਨ ਪ੍ਰਕਾਸ਼ ਕਰ ਰਹੀ ਹੈ। ਸ਼ਬਦ-ਬ੍ਰਹਮ ਸ੍ਰੀ ਗੁਰੂ ਗ੍ਰੰਥ ਜੀ ਦਾ ਸੰਸਾਰ-ਉਧਾਰ ਦਾ ਪਹਿਰਾ ਜੁਗੋ ਜੁਗ ਅਟੱਲ ਹੈ।

ਗੁਰੂ, ਸੰਸਾਰ ਵਿਚ ਨਿਰਗੁਣ-ਬ੍ਰਹਮ ਦਾ ਸ਼ਬਦ-ਬ੍ਰਹਮ ਸਰੂਪ ਹੈ, ਭਾਵੇਂ ਮਨੁੱਖੀ ਜਾਮੇ ਵਿਚ ਹੋਵੇ ਭਾਵੇਂ ਬਦਲ ਕੇ ਗ੍ਰੰਥ ਰੂਪ ਚੋਲਾ ਧਾਰਨ ਕਰ ਲਵੇ। ਸ਼ਬਦ-ਬ੍ਰਹਮ-ਸਤਿਗੁਰੂ ਜੀ, ਗਿਆਨ ਪ੍ਰਕਾਸ਼ ਦੁਆਰਾ ਸੰਸਾਰ ਦੇ ਭਰਮ-ਛੌੜ ਕੱਟਦੇ ਆ ਰਹੇ ਹਨ, ਹੁਣ ਵੀ ਕੱਟ ਰਹੇ ਹਨ ਅਤੇ ਜੁਗੋ ਜੁਗ ਕੱਟਦੇ ਰਹਿਣਗੇ।

ਗੁਰੂ ਅੰਤਰ ਆਤਮੇ ਅਕਾਲ ਪੁਰਖ ਨਾਲ ਅਭੇਦ ਹੈ ਅਤੇ ਜੀਵਾਂ ਨੂੰ ਮੋਹ ਮਾਇਆ ਦੀ ਅਗਿਆਨਤਾ ਵਿੱਚੋਂ ਕੱਢ ਕੇ ਵਾਹਿਗੁਰੂ ਨਾਲ ਅਭੇਦ ਕਰਨ ਦੀ ਸੱਚੀ ਸੁੱਚੀ ਬਸੀਠੀ ਕਰਦਾ ਹੈ –

***ਨਾਨਕ ਸੋਧੇ ਸਿੰਮ੍ਰਿਤਿ ਬੇਦ॥***
***ਪਾਰਬ੍ਰਹਮ ਗੁਰ ਨਾਹੀ ਭੇਦ॥ ਅੰਗ – 1142***

***ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹ ਕਾ ਬਸੀਠੁ॥***
***ਅੰਗ – 957***

ਗੁਰੂ ਪਾਸ ਧੁਰੋਂ ਬਖ਼ਸ਼ਿਆ ਨਾਮ-ਖ਼ਜ਼ਾਨਾ ਹੈ, ਜੋ ਉਹ ਪਰਉਪਕਾਰ ਹਿਤ ਸਾਰੇ ਸੰਸਾਰ ਵਿਚ ਵੰਡਦਾ ਹੈ-

***ਨਾਮੁ ਗੁਰਿ ਦੀਓ ਹੈ ਅਪੁਨੈ ਜਾ ਕੈ ਮਸਤਕਿ ਕਰਮਾ॥***
***ਨਾਮੁ ਦ੍ਰਿੜਾਵੈ ਨਾਮੁ ਜਪਾਵੈ ਤਾ ਕਾ ਜੁਗ ਮਹਿ ਧਰਮਾ॥ ਅੰਗ – 680***

ਨਾਮ ਅਤੇ ਨਾਮੀ ਦੀ ਪ੍ਰਾਪਤੀ ਗੁਰੂ ਦੀ ਸ਼ਰਨ ਪਿਆਂ ਹੀ ਹੋ ਸਕਦੀ ਹੈ। ਗੁਰੂ ਦੀ ਸ਼ਰਨ ਪਏ ਬਗ਼ੈਰ ਤਮੋਗੁਣੀ ਸੰਸਾਰ ਵਿਚ ਸਹੀ ਜੀਵਨ ਜਿਊਣ ਦੀ

***(ਬਾਕੀ ਪੰਨਾ 16 'ਤੇ)***

# ਸਾਕਾ ਚਮਕੌਰ ਸਾਹਿਬ

*[ਭਾਈ ਅਮਰਿੰਦਰ ਸਿੰਘ ਜੀ, ਸਾਬਕਾ ਐਸ.ਜੀ.ਪੀ.ਸੀ. ਮੈਂਬਰ, ਚੰਡੀਗੜ੍ਹ]*

ਸਾਕਾ ਚਮਕੌਰ ਸਾਹਿਬ ਦੀ ਲੜੀ, ਅਨੰਦਪੁਰ ਸਾਹਿਬ ਤੋਂ ਆਰੰਭ ਹੁੰਦੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਜਦੋਂ ੬-੭ ਪੋਹ, ਸੰਮਤ ੧੭੬੧ ਬਿ: ਦੀ ਰਾਤ ਨੂੰ ਅਨੰਦਪੁਰ ਸਾਹਿਬ ਦਾ ਕਿਲ੍ਹਾ ਖਾਲੀ ਕੀਤਾ ਤਾਂ ਉਸ ਸਮੇਂ ਚਾਰ ਸਾਹਿਬਜ਼ਾਦੇ, ਮਾਤਾ ਗੁਜਰੀ, ਗੁਰੂ ਕੇ ਮਹਿਲ ਅਤੇ ਕਾਫ਼ੀ ਗਿਣਤੀ ਵਿਚ ਸਿੰਘ ਉਨ੍ਹਾਂ ਦੇ ਨਾਲ ਸਨ। ਗੁਰੂ ਸਾਹਿਬ ਇਸ ਕਾਫ਼ਲੇ ਨਾਲ ਰੋਪੜ ਵੱਲ ਵਧ ਰਹੇ ਸਨ। ਜਦੋਂ ਗੁਰੂ ਸਾਹਿਬ ਸਰਸਾ ਨਦੀ ਪਾਰ ਕਰਨ ਲੱਗੇ ਤਾਂ ਪਿੱਛਾ ਕਰ ਰਹੀਆਂ ਮੁਗਲ ਤੇ ਪਹਾੜੀ ਰਾਜਿਆਂ ਦੀਆਂ ਫ਼ੌਜਾਂ ਨੇ ਵਹੀਰ ਤੇ ਭਰਵਾਂ ਹੱਲਾ ਬੋਲ ਦਿੱਤਾ। ਘਮਸਾਨ ਦਾ ਯੁੱਧ ਹੋਇਆ। ਇਸ ਸਮੇਂ ਮਾਤਾ ਗੁਜਰੀ ਅਤੇ ਛੋਟੇ ਸਾਹਿਬਜ਼ਾਦੇ ਵਹੀਰ ਨਾਲੋਂ ਵਿਛੜ ਜਾਂਦੇ ਹਨ। ਗੁਰੂ ਗੋਬਿੰਦ ਸਿੰਘ ਜੀ, ਦੋਵੇਂ ਵੱਡੇ ਸਾਹਿਬਜ਼ਾਦੇ ਅਤੇ ਬਾਕੀ ਸਿੰਘ ਚਮਕੌਰ ਸਾਹਿਬ ਵੱਲ (ਬਰਾਸਤਾ ਬੂਰ ਮਾਜਰਾ) ਵਧਣ ਲਗਦੇ ਹਨ। ਇਸ ਤਰ੍ਹਾਂ ਜੋੜਾ ਕਿਸੇ ਪਾਸੇ-ਜੋੜਾ ਕਿਸੇ ਪਾਸੇ' ਵਾਲੇ ਹਾਲਾਤ ਪੈਦਾ ਹੋ ਗਏ ।

ਜਦੋਂ ਗੁਰੂ ਸਾਹਿਬ ਚਮਕੌਰ ਸਾਹਿਬ ਵਿਖੇ ਪਹੁੰਚਦੇ ਹਨ, ਤਾਂ ਉਸ ਵਕਤ ਦੋਵੇਂ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ (ਜਨਮ ੨੯ ਮਾਘ, ੧੭੪੩ ਬਿ:) ਤੇ ਬਾਬਾ ਜੁਝਾਰ ਸਿੰਘ (ਜਨਮ ਚੇਤ ਵਦੀ ਦਸਮੀ, ੧੭੪੭ ਬਿ:) ਤੋਂ ਇਲਾਵਾ ਉਨ੍ਹਾਂ ਨਾਲ ਕੇਵਲ ਚਾਲ੍ਹੀ ਸਿੰਘ ਸਨ। ਕੁਝ ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਸਿੰਘਾਂ ਦੀ ਗਿਣਤੀ ਘੱਟ ਵੱਧ ਵੀ ਹੋ ਸਕਦੀ ਹੈ। ਪਰ ਇਸ ਗੱਲ ਵਿਚ ਕੋਈ ਸੱਚਾਈ ਨਜ਼ਰ ਨਹੀਂ ਆਉਂਦੀ, ਕਿਉਂਕਿ ਗੁਰੂ ਗੋਬਿੰਦ ਸਿੰਘ ਜੀ ਨੇ ਸਮੇਂ ਦੇ ਮੁਗਲ ਸਮਰਾਟ ਔਰੰਗਜ਼ੇਬ ਨੂੰ ਲਿਖੇ ਆਪਣੇ ਇਤਿਹਾਸਕ ਪੱਤਰ 'ਜ਼ਫ਼ਰਨਾਮਾ' ਵਿਚ ਸਪੱਸ਼ਟ ਸ਼ਬਦਾਂ ਵਿਚ ਇਹ ਲਿਖਿਆ ਹੈ (ਜ਼ਫ਼ਰਨਾਮਾ, ਫ਼ਾਰਸੀ ਸ਼ਾਇਰੀ ਦਾ ਇਕ ਉੱਤਮ ਨਮੂਨਾ ਪੇਸ਼ ਕਰਦਾ ਹੈ) :

*ਗੁਰਸਨਾ : ਚਿ ਕਾਰੇ ਕੁਨਦ ਚਿਹਲ ਨਰ।*
*ਕਿ ਦਹ ਲਕ ਬਰਾਯਦ ਬਰੂ ਬੇਖ਼ਬਰ।*

ਭਾਵ ਭੁੱਖਣ-ਭਾਣੇ ਚਾਲ੍ਹੀ ਆਦਮੀ ਕੀ ਕਰ ਸਕਦੇ ਹਨ, ਜੋ ਉਨ੍ਹਾਂ ਉੱਤੇ ਅਚਨਚੇਤ ਦਸ ਲੱਖ (ਅਣਗਿਣਤ) ਫ਼ੌਜ ਟੁੱਟ ਪਵੇ।

ਗੁਰੂ ਸਾਹਿਬ ਨੂੰ ਇਸ ਗੱਲ ਦਾ ਗਿਆਨ ਸੀ ਕਿ ਇਥੇ ਇਕ ਭਿਅੰਕਰ ਯੁੱਧ ਹੋਣ ਵਾਲਾ ਹੈ। ਸੋ, ਉਨ੍ਹਾਂ ਨੇ ਬਿਨਾਂ ਸਮਾਂ ਗੁਆਏ ਉੱਚੀ ਥਾਂ 'ਤੇ ਸਥਿਤ ਇਕ ਕੱਚੀ ਗੜ੍ਹੀ ਵਿਚ ਮੋਰਚੇ ਸੰਭਾਲ ਲਏ (ਫ਼ੌਰੀ ਤੌਰ 'ਤੇ ਥਾਂ ਦੀ ਚੋਣ ਕਰਨਾ, ਗੁਰੂ ਸਾਹਿਬ ਦੀ ਜੰਗੀ ਸੂਝ ਦੀ ਇਕ ਵਧੀਆ ਮਿਸਾਲ ਪੇਸ਼ ਕਰਦੀ ਹੈ)।

## ਚਮਕੌਰ ਦੀ ਜੰਗ

ਗੁਰੂ ਸਾਹਿਬ ਨੇ ਗੜ੍ਹੀ ਦੀ ਮੋਰਚਾਬੰਦੀ ਲਈ ਸਿੰਘਾਂ ਦੇ ਛੋਟੇ ਛੋਟੇ ਸਮੂਹ ਬਣਾ ਕੇ ਚਾਰੋਂ ਤਰਫ਼ ਤਾਇਨਾਤ ਕਰਾ ਦਿੱਤੇ, ਤਾਂ ਕਿ ਦੁਸ਼ਮਣ ਦੀਆਂ ਸਰਗਰਮੀਆਂ ਤੇ ਪੂਰੀ ਨਜ਼ਰ ਰੱਖੀ ਜਾ ਸਕੇ ਅਤੇ ਮੌਕੇ ਅਨੁਸਾਰ ਡਟ ਕੇ ਮੁਕਾਬਲਾ ਕੀਤਾ ਜਾ ਸਕੇ। ਭਾਈ ਆਲਮ ਸਿੰਘ ਤੇ ਭਾਈ ਮਾਨ ਸਿੰਘ ਨੂੰ ਸੰਤਰੀਆਂ ਦੀ ਡਿਊਟੀ ਸੌਂਪੀ ਗਈ, ਜਦੋਂ ਕਿ ਗੁਰੂ ਸਾਹਿਬ ਨੇ ਖ਼ੁਦ, ਦੋਵੇਂ ਸਾਹਿਬਜ਼ਾਦਿਆਂ ਅਤੇ ਭਾਈ ਦਇਆ ਸਿੰਘ ਤੇ ਭਾਈ ਸੰਤ ਸਿੰਘ ਸੰਗ, ਗੜ੍ਹੀ ਦੀ ਸਭ ਤੋਂ ਉਪਰਲੀ ਮੰਜ਼ਿਲ 'ਤੇ ਮੋਰਚੇ ਸੰਭਾਲ ਲਏ।

ਪਿੱਛਾ ਕਰ ਰਹੀ ਟਿੱਡੀ ਦਲ ਮੁਗ਼ਲ ਫ਼ੌਜ ਨੇ ਆਉਂਦੇ ਹੀ ਗੜ੍ਹੀ ਨੂੰ ਘੇਰ ਲਿਆ।

ਇਸ ਤਰ੍ਹਾਂ ਇਥੇ ਦੁਨੀਆ ਦੇ ਇਤਿਹਾਸ ਦੀ ਬੇਜੋੜ ਤੇ ਅਸਾਵੀਂ ਜੰਗ (Most Unbalanced War) ਲੜੀ ਜਾਣ ਲਈ ਮੈਦਾਨ ਪੂਰੀ ਤਰ੍ਹਾਂ ਤਿਆਰ ਹੋ ਗਿਆ। ੨੨ ਦਸੰਬਰ, ੧੭੦੪ ਈ: ਨੂੰ ਮੁਗ਼ਲ ਫ਼ੌਜ ਨੇ ਗੜ੍ਹੀ 'ਤੇ ਇਕ ਭਰਵਾਂ ਹੱਲਾ ਬੋਲ ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਵਿਜੈ-ਪੱਤਰ 'ਜ਼ਫ਼ਰਨਾਮਾ' ਦੇ ੨੯ਵੇਂ ਸ਼ਿਅਰ ਵਿਚ ਟਿੱਡੀ ਦਲ ਮੁਗ਼ਲ ਫ਼ੌਜ ਵੱਲੋਂ ਕੀਤੇ ਜ਼ੋਰਦਾਰ ਹੱਲੇ ਦਾ ਜ਼ਿਕਰ ਇਉਂ ਕੀਤਾ ਹੈ :

*ਬਰੰਗਿ ਮਗਸ ਸਯਾਹ-ਪੋਸ਼ ਆਮਦੰਦ।*
*ਬ: ਯਕ-ਬਾਰਗੀ ਦਸ ਖਰੋਸ਼ ਆਮਦੰਦ।*

ਭਾਵ ਤੇਰੀ ਕਾਲੀ ਪੋਸ਼ ਫ਼ੌਜ ਮੱਖੀਆਂ ਵਾਂਗ ਆ ਪਈ ਅਤੇ ਸ਼ੋਰ ਮਚਾਉਂਦੀ ਇਕਦਮ ਟੁੱਟ ਪਈ। ਇਤਫ਼ਾਕਵੱਸ, ਗੁਰੂ ਸਾਹਿਬ ਨੇ ਆਪਣੇ ਇਸ ਖ਼ਤ ਵਿਚ ਚਮਕੌਰ ਦੀ ਜੰਗ ਦਾ ਬੜੀ ਬਾਰੀਕੀ ਨਾਲ ਵਰਣਨ ਕੀਤਾ ਹੈ। ਤੁਸੀਂ ਇਹ ਜਾਣ ਕੇ ਹੈਰਾਨ ਹੋਵੋਗੇ ਕਿ ਗੁਰੂ ਸਾਹਿਬ ਨੇ ਸਮੇਂ ਦੇ ਸ਼ਕਤੀਸ਼ਾਲੀ ਬਾਦਸ਼ਾਹ, ਔਰੰਗਜ਼ੇਬ ਨੂੰ 'ਟਕੇ ਦਾ ਮੁਰੀਦ' ਅਤੇ 'ਬੇਈਮਾਨ' ਕਹਿਣ ਤੋਂ ਵੀ ਗੁਰੇਜ਼ ਨਹੀਂ ਕੀਤਾ। ਖ਼ੈਰ! ਇਹ ਇਕ ਵੱਖਰਾ ਵਿਸ਼ਾ ਹੈ। ਆਓ! ਗੱਲ ਦੀ ਤੰਦ ਨੂੰ ਫਿਰ ਪਿੱਛੋਂ ਫੜ ਕੇ ਮੇਲੀਏ ।

ਜਦੋਂ ਮੁਗ਼ਲਾਂ ਨੇ ਕਿਲ੍ਹੇ 'ਤੇ ਜ਼ੋਰਦਾਰ ਹਮਲਾ ਕੀਤਾ ਤਾਂ ਗੁਰੂ ਸਾਹਿਬ ਨੇ ਇਸ ਹਮਲੇ ਦੇ ਟਾਕਰੇ ਲਈ ਪੰਜ ਪੰਜ ਸਿੰਘਾਂ ਦੇ ਜੱਥੇ ਬਣਾ ਕੇ ਬਾਹਰ ਭੇਜਣੇ ਸ਼ੁਰੂ ਕਰ ਦਿੱਤੇ ਅਤੇ ਘਮਸਾਣ ਦਾ ਯੁੱਧ ਹੋਇਆ। ਇਸ ਦੌਰਾਨ ਗੁਰੂ ਸਾਹਿਬ ਅਤੇ ਉਨ੍ਹਾਂ ਦੇ ਸਿੰਘ, ਗੜ੍ਹੀ ਦੇ ਮੋਰਚਿਆਂ 'ਚ ਪੋਜ਼ੀਸ਼ਨਾਂ ਲਈ ਬੈਠੇ, ਦੁਸ਼ਮਣ 'ਤੇ ਤੀਰਾਂ ਦਾ ਮੀਂਹ ਵਰ੍ਹਾਉਂਦੇ ਰਹੇ। ਗੁਰੂ ਸਾਹਿਬ 'ਜ਼ਫ਼ਰਨਾਮਾ' ਵਿਚ ਲਿਖਦੇ ਹਨ ਕਿ ਹੇ ਔਰੰਗਜ਼ੇਬ! ਤੇਰੀ ਫ਼ੌਜ ਦੇ ਜਰਨੈਲ ਤੇ ਸਿਪਾਹੀ ਦੀਵਾਰ ਦੀ ਓਟ ਲਈ ਆਪਣੀ ਜਾਨ ਦੀ ਖ਼ੈਰ ਮੰਗਦੇ ਰਹੇ।

ਚਮਕੌਰ ਦੀ ਜੰਗ ਸੰਬੰਧੀ 'ਜ਼ਫ਼ਰਨਾਮਾ' ਵਿਚ ਹੋਰ ਬਹੁਤ ਸਾਰੀ ਵਡਮੁੱਲੀ ਜਾਣਕਾਰੀ ਦਰਜ ਹੈ, ਪਰ ਥਾਂ ਇਜਾਜ਼ਤ ਨਹੀਂ ਦਿੰਦਾ ਕਿ ਗੱਲ ਦੀ ਲੜੀ ਨੂੰ ਇਵੇਂ ਹੀ ਜਾਰੀ ਰੱਖਿਆ ਜਾਵੇ।

ਹਾਂ! ਗੱਲ ਚੱਲ ਰਹੀ ਸੀ ਕਿ ਗੁਰੂ ਸਾਹਿਬ ਨੇ ਮੁਗਲ ਫ਼ੌਜ ਦੇ ਟਾਕਰੇ ਲਈ ਪੰਜ-ਪੰਜ ਸਿੰਘਾਂ ਦੇ ਸ਼ਹੀਦੀ ਜਥੇ ਬਣਾ ਕੇ ਗੜ੍ਹੀ ਤੋਂ ਬਾਹਰ ਭੇਜਣੇ ਸ਼ੁਰੂ ਕਰ ਦਿੱਤੇ। ਇਸ ਤਰ੍ਹਾਂ ਥੱਕੇ-ਟੁੱਟੇ ਤੇ ਭੁੱਖਣ-ਭਾਣੇ ਸਿੰਘਾਂ ਨੇ ਟਿੱਡੀ ਦਲ ਮੁਗ਼ਲ ਫ਼ੌਜ ਨਾਲ ਬੇਮਿਸਾਲ, ਬੇਨਜ਼ੀਰ, ਲਾਸਾਨੀ ਤੇ ਅਦੁੱਤੀ ਟੱਕਰ ਲੈ ਕੇ ਸ਼ਹੀਦੀ ਜਾਮ ਪੀਤੇ। ਉਹ ਪਲ ਬਹੁਤ ਹੀ ਦਿਲ ਹਿਲਾਉਣ ਵਾਲੇ ਹੋਣਗੇ, ਜਦੋਂ ਗੁਰੂ ਸਾਹਿਬ ਦੇ ਸਪੁੱਤਰ ਬਾਬਾ ਅਜੀਤ ਸਿੰਘ (੧੭ ਸਾਲ) ਅਤੇ ਬਾਬਾ ਜੁਝਾਰ ਸਿੰਘ (੧੪ ਸਾਲ) ਨੇ ਆਪਣੇ ਪਿਤਾ ਪਾਸੋਂ ਜੰਗ ਵਿਚ ਕੁੱਦ ਕੇ ਲਾੜੀ ਮੌਤ ਨੂੰ ਪਰਨਾਉਣ ਲਈ ਆਗਿਆ ਮੰਗੀ ਹੋਵੇਗੀ। ਪ੍ਰਸਿੱਧ ਵਿਦਵਾਨ ਤੇ ਇਤਿਹਾਸਕਾਰ ਪ੍ਰੋ: ਹਰਬੰਸ ਸਿੰਘ ਆਪਣੀ ਪੁਸਤਕ ਗੁਰੂ ਗੋਬਿੰਦ ਸਿੰਘ ਦੇ ਪੰਨਾ ੧੧੪ 'ਤੇ ਲਿਖਦਾ ਹੈ, "Most moving were the moments when the Guru's son Ajit Singh and Jujhar Singh, aged seventeen and fourteen, respectively begged their father one after the other to be allowed to court death in the only beffiting manner open to the Guru's Sikhs." ਅਕਾਲ ਪੁਰਖ ਦਾ ਸ਼ੁਕਰ ਕਰਦਿਆਂ ਗੁਰੂ ਸਾਹਿਬ ਨੇ ਉਨ੍ਹਾਂ ਦੀ ਬੇਨਤੀ ਨੂੰ ਖਿੜੇ ਮੱਥੇ ਪ੍ਰਵਾਨ ਕਰ ਲਿਆ।

ਸਾਹਿਬਜ਼ਾਦਾ ਅਜੀਤ ਸਿੰਘ ਦੀ ਕਮਾਨ ਹੇਠ ਭੇਜੀ ਗਈ ਟੁਕੜੀ ਵਿਚ ਆਲਮ ਸਿੰਘ ਸ਼ਾਮਲ ਸੀ। ਭਾਈ ਆਲਮ ਸਿੰਘ ਅਜਿਹੀਆਂ ਬਹੁਤ ਸਾਰੀਆਂ ਜੰਗਾਂ ਦਾ ਹੀਰੋ ਸੀ। ਸਾਹਿਬਜ਼ਾਦੇ ਨੇ ਆਉਂਦੇ ਹੀ ਰਣ ਵਿਚ ਤਰਥੱਲੀ ਮਚਾ ਦਿੱਤੀ, ਆਪਣੇ ਬਰਛੇ ਨਾਲ ਬਹੁਤ ਸਾਰੇ ਪਠਾਣਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਅਤੇ ਜਦੋਂ ਬਰਛਾ ਟੁੱਟ ਗਿਆ ਤਾਂ ਉਨ੍ਹਾਂ ਨੇ ਆਪਣੀ ਕ੍ਰਿਪਾਨ ਧੂਹ ਲਈ ਅਤੇ ਉਸੇ ਮੁਹਾਰਤ ਨਾਲ ਘਾਤਕ ਵਾਰ ਕੀਤੇ।

ਜਦੋਂ ਵੱਡਾ ਸਾਹਿਬਜ਼ਾਦਾ ਜੰਗ ਵਿਚ ਸ਼ਹੀਦ ਹੋ ਜਾਂਦਾ ਹੈ ਤਾਂ ਛੋਟਾ ਸਾਹਿਬਜ਼ਾਦਾ, ਬਾਬਾ ਜੁਝਾਰ ਸਿੰਘ, ਗੁਰੂ ਸਾਹਿਬ ਤੋਂ ਰਣ ਤੱਤੇ ਵਿਚ ਜਾਣ ਦੀ ਆਗਿਆ ਮੰਗਦਾ ਹੈ। ਇਨ੍ਹਾਂ ਪਲਾਂ ਨੂੰ ਅੱਲ੍ਹਾ ਯਾਰ ਖਾਂ ਜੋਗੀ ਆਪਣੀ ਕਲਮ ਵਿਚ ਇਉਂ ਢਾਲ ਕੇ ਪੇਸ਼ ਕਰਦਾ ਹੈ :

*ਲੜਨਾ ਨਹੀਂ ਆਤਾ ਮੁਝੇ ਮਰਨਾ ਤੋ ਹੈ ਆਤਾ।*
*ਖ਼ੁਦ ਬੜ੍ਹ ਕੇ ਗਲਾ ਤੇਗ ਪੈ ਧਰਨਾ ਤੋ ਹੈ ਆਤਾ।*

ਗੁਰੂ ਸਾਹਿਬ, ਸਾਹਿਬਜ਼ਾਦੇ ਨੂੰ ਆਪਣੇ ਹੱਥੀਂ ਜੰਗ ਲਈ ਤਿਆਰ ਕਰਦੇ ਹੋਏ, ਆਪਣੀ ਦਿਲੀ ਤਮੰਨਾ ਦਾ ਇਜ਼ਹਾਰ ਇਉਂ ਕਰਦੇ ਹਨ :

*ਖ਼ਾਹਸ਼ ਹੈ ਤੁਮ੍ਹੇਂ ਤੇਗ਼ ਚਲਾਤੇ ਹੂਏ ਦੇਖੇਂ!*
*ਹਮ ਆਂਖ ਸੇ ਬਰਛੀ ਤੁਮ੍ਹੇਂ ਖਾਤੇ ਹੂਏ ਦੇਖੇਂ!*

ਮੈਦਾਨੇ ਜੰਗ ਵਿਚ ਛੋਟੇ ਸਾਹਿਬਜ਼ਾਦੇ ਦੇ ਸ਼ਹੀਦ ਹੋਣ ਦੇ ਦ੍ਰਿਸ਼ ਨੂੰ ਸ਼ਾਇਰ ਇਸ ਤਰ੍ਹਾਂ ਕਲਮਬੰਦ ਕਰਦਾ ਹੈ :

*ਇਤਨੇ ਮੇਂ ਖਦੰਗ ਆ ਕੇ ਲਗਾ ਹਾਇ ਜਿਗਰ ਮੇਂ*
*ਥਾ ਤੀਰ ਕਲੇਜੇ ਮੇਂ ਯਾ ਕਾਂਟਾ ਗੁਲਿ ਤਰ ਮੇਂ...*

ਪੰਜ ਪਿਆਰਿਆਂ ਵਿੱਚੋਂ ਤਿੰਨ ਪਿਆਰੇ (ਭਾਈ ਮੋਹਕਮ ਸਿੰਘ, ਭਾਈ ਸਾਹਿਬ ਸਿੰਘ ਅਤੇ ਭਾਈ ਹਿੰਮਤ ਸਿੰਘ) ਅਤੇ ਭਾਈ ਜੀਵਨ ਸਿੰਘ (ਜੈਤਾ ਜੀ) ਵੀ ਰਣਭੂਮੀ ਦੀ ਭੇਟ ਚੜ੍ਹ ਗਏ। ਇਸ ਤਰ੍ਹਾਂ ਲਗਪਗ ਸਾਰੇ ਸਿਦਕੀ ਸਿੰਘ ਜੰਗ ਵਿਚ ਸ਼ਹੀਦ ਹੋ ਗਏ। ਪਰ ਗੁਰੂ ਸਾਹਿਬ ਨੇ ਆਪਣੇ ਪ੍ਰਾਣਾਂ ਤੋਂ ਵੀ ਵਧੇਰੇ ਕੁਝ ਸਿੰਘ ਅਜੇ ਵੀ ਬਚਾ ਕੇ ਰੱਖੇ ਹੋਏ ਸਨ। ਬਾਬਾ ਸੰਗਤ ਸਿੰਘ ਉਨ੍ਹਾਂ ਵਿੱਚੋਂ ਪ੍ਰਮੁੱਖ ਸਨ। ਹੋਰ ਸਿੰਘਾਂ ਨਾਲੋਂ ਬਾਬਾ ਸੰਗਤ ਸਿੰਘ ਦੀ ਇਕ ਵਿਲੱਖਣਤਾ ਇਹ ਸੀ ਕਿ ਉਹ ਗੁਰੂ ਸਾਹਿਬ ਦੇ ਹਮਉਮਰ ਸਨ ਅਤੇ ਉਨ੍ਹਾਂ ਦਾ ਕੱਦ-ਕਾਠ ਤੇ ਚਿਹਰਾ-ਮੁਹਰਾ ਗੁਰੂ ਸਾਹਿਬ ਨਾਲ ਮਿਲਦਾ-ਜੁਲਦਾ ਸੀ।

ਰਾਤ ਪੈਣ ’ਤੇ ਲੜਾਈ ਬੰਦ ਹੋ ਗਈ। ਚਮਕੌਰ ਦੀ ਗੜ੍ਹੀ ਵਿਚ ਗੁਰੂ ਗੋਬਿੰਦ ਸਿੰਘ ਜੀ ਸਮੇਤ ਕੇਵਲ ੧੧ ਸਿੰਘ ਬਾਕੀ ਰਹਿ ਗਏ। ਪਰ ਇਹ ਗਿਣਤੀ ਘੱਟ ਵੱਧ ਵੀ ਹੋ ਸਕਦੀ ਹੈ। ਪ੍ਰਸਿੱਧ ਇਤਿਹਾਸਕਾਰ ਤੇ ਖੋਜੀ ਪ੍ਰੋ: ਹਰਬੰਸ ਸਿੰਘ ਅਨੁਸਾਰ ਗੁਰੂ ਸਾਹਿਬ ਤੋਂ ਇਲਾਵਾ ਕੇਵਲ ੫ ਸਿੰਘ ਗੜ੍ਹੀ ਵਿਚ ਬਾਕੀ ਰਹਿ ਗਏ ਸਨ। ਪ੍ਰੋ: ਹਰਬੰਸ ਸਿੰਘ ਦੇ ਸ਼ਬਦਾਂ ਵਿਚ, “By nightful the Guru was left with five Sikhs the only survivors of his brave and numerous army.” ਖ਼ੈਰ ! ੨੨ ਦਸੰਬਰ, ੧੭੦੪ ਦੀ ਅੱਧੀ ਰਾਤ ਵੇਲੇ ਇਹ ਸਿੰਘ ਗੁਰੂ ਸਾਹਿਬ ਦੇ ਕੋਲ ਬੈਠੇ ਸਨ। ਇਨ੍ਹਾਂ ਸਿੰਘਾਂ ਨੇ ਆਪੇ ਗੁਰ ਚੇਲਾ’ ਦੀ ਪਰੰਪਰਾ ਨੂੰ ਅਮਲੀ ਜਾਮਾ ਪਹਿਨਾਉਣ ਲਈ ਆਪਣੇ ਵਿੱਚੋਂ ਭਾਈ ਦਇਆ ਸਿੰਘ ਜੀ ਦੀ ਅਗਵਾਈ ਵਿਚ ਪੰਜ ਪਿਆਰੇ ਚੁਣ ਲਏ। ਸਮੇਂ ਦੀ ਨਜ਼ਾਕਤ ਨੂੰ ਵੇਖਦਿਆਂ, ਇਨ੍ਹਾਂ ਪੰਜ ਪਿਆਰਿਆਂ ਨੇ ਗੁਰੂ ਸਾਹਿਬ ਨੂੰ ਗੜ੍ਹੀ ਛੱਡ ਜਾਣ ਲਈ ਹੁਕਮਨਾਮਾ ਬੇਨਤੀ ਕੀਤੀ, ਕਿਉਂਕਿ ਸਿੰਘਾਂ ਨੇ ਮਹਿਸੂਸ ਕੀਤਾ ਕਿ ਜੇ ਗੁਰੂ ਸਾਹਿਬ ਸ਼ਹੀਦ ਹੋ ਗਏ ਤਾਂ ਪੰਥ ਦਾ ਕੋਈ ਵਾਲੀ ਵਾਰਸ ਨਹੀਂ ਰਹਿ ਜਾਏਗਾ। ਗੁਰੂ ਸਾਹਿਬ ਨੇ ਥੋੜੀ ਸੋਚ-ਵਿਚਾਰ ਤੋਂ ਬਾਅਦ ਆਪਣੇ ਅਸਤਰ, ਸ਼ਸਤਰ ਤੇ ਵਸਤਰ ਉਤਾਰ ਕੇ ਬਾਬਾ ਸੰਗਤ ਸਿੰਘ ਨੂੰ ਪਹਿਨਾ ਦਿੱਤੇ ਅਤੇ ਆਪਣੀ ਹੀਰਿਆਂ ਜੜੀ ਕਲਗੀ ਉਤਾਰ ਕੇ ਉਨ੍ਹਾਂ ਦੇ ਸਿਰ ’ਤੇ ਸਜਾ ਦਿੱਤੀ। ਅਜਿਹਾ ਵੈਰੀ ਦੀਆਂ ਫ਼ੌਜਾਂ ਨੂੰ ਭੰਬਲਭੂਸੇ ਵਿਚ ਪਾਉਣ ਦੇ ਉਦੇਸ਼ ਨਾਲ ਕੀਤਾ ਗਿਆ। ਉਂਜ ਵੀ ਜੰਗ ਨੀਤੀ ਅਨੁਸਾਰ ਅਜਿਹਾ ਕਰਨਾ ਸਮੇਂ ਦੀ ਮੰਗ ਸੀ। ਫਿਰ ਇਹ ਫ਼ੈਸਲਾ ਲਿਆ ਗਿਆ ਕਿ ਤਿੰਨ ਸਿੰਘ ਭਾਈ ਦਇਆ ਸਿੰਘ, ਭਾਈ ਧਰਮ ਸਿੰਘ ਅਤੇ ਭਾਈ ਮਾਨ ਸਿੰਘ ਗੁਰੂ ਸਾਹਿਬ ਦਾ ਸਾਥ ਦੇਣਗੇ ਅਤੇ ਬਾਕੀ ਸਿੰਘ ਬਾਬਾ ਸੰਗਤ ਸਿੰਘ ਸੰਗ ਗੜ੍ਹੀ ਵਿਚ ਹੀ ਟਿਕੇ ਰਹਿਣਗੇ।

ਗੁਰੂ ਸਾਹਿਬ ਤਿੰਨ ਸਿੰਘਾਂ ਸਮੇਤ ਰਾਤ ਦੇ ਹਨੇਰੇ ਵਿਚ ਗੜ੍ਹੀ ਤੋਂ ਬਾਹਰ ਨਿਕਲਣ ਵਿਚ ਕਾਮਯਾਬ ਹੋ ਗਏ। ਗੁਰੂ ਸਾਹਿਬ ‘ਜ਼ਫ਼ਰਨਾਮਾ’ ਵਿਚ ਲਿਖਦੇ ਹਨ ਕਿ ਉਹ ਬੜੀ ਆਸਾਨੀ ਨਾਲ ਗੜੀ ਚੋਂ ਬਾਹਰ ਨਿਕਲ ਗਏ। ਜ਼ਫ਼ਰਨਾਮਾ ਦਾ ਸੰਬੰਧਿਤ ਸ਼ਿਅਰ ਪੇਸ਼ ਹੈ :

*ਨ ਪੇਚੀਦ: ਮੂਏ ਨ ਰੰਜੀਦ: ਤਨ।*
*ਕਿ ਬੇਰੂੰ ਖ਼ੁਦਾਵੁਰਦ ਦੁਸ਼ਮਨ ਬਿਕਨ।*

ਭਾਵ ਨਾ (ਅਸਾਡਾ) ਰਤਾ ਵਾਲ ਵਿੰਗਾ ਹੋਇਆ ਤੇ ਨਾ ਸਾਡੇ ਸਰੀਰ ਨੂੰ ਕੋਈ ਖੇਦ ਪਹੁੰਚਿਆ, ਕਿਉਂਕਿ ਸ਼ਤਰੂ-ਹਰਤਾ ਪਰਮੇਸ਼ਰ ਨੇ ਆਪ ਸਾਨੂੰ (ਮੁਸੀਬਤਾਂ ਵਿੱਚੋਂ) ਕੱਢ ਲਿਆਂਦਾ।

ਇਥੋਂ ਗੁਰੂ ਸਾਹਿਬ ਮਾਛੀਵਾੜਾ ਵੱਲ ਨੂੰ ਹੋ ਤੁਰੇ। ਗੜ੍ਹੀ ’ਚ ਰਹਿ ਗਏ ਬਾਕੀ ਸਿੰਘ ਵੀ ਅਗਲੀ ਸਵੇਰ ਬਹਾਦਰੀ ਦੇ ਜੌਹਰ ਦਿਖਾਉਂਦੇ ਹੋਏ ਸ਼ਹੀਦੀਆਂ ਪ੍ਰਾਪਤ ਕਰ ਗਏ (ਕੁਝ ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਗੜ੍ਹੀ ਵਿਚ ਪਿੱਛੇ ਦੋ ਹੀ ਸਿੰਘ ਬਾਬਾ ਸੰਗਤ ਸਿੰਘ ਤੇ ਬਾਬਾ ਸੰਤ ਸਿੰਘ ਰਹਿ ਗਏ ਸਨ ਜੋ ਅਗਲੀ ਸਵੇਰ ਸ਼ਹੀਦੀਆਂ ਪ੍ਰਾਪਤ ਕਰ ਗਏ।

ਬਾਬਾ ਸੰਗਤ ਸਿੰਘ ਨੂੰ ਸ਼ਹੀਦ ਹੋਇਆਂ ਵੇਖ ਕੇ ਮੁਗਲਾਂ ਨੇ ਸਮਝਿਆ ਕਿ ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਨੂੰ ਮਾਰ ਲਿਆ ਹੈ। ਉਹ ਇਸ ਸਮੇਂ ਖ਼ੁਸ਼ੀ ਵਿਚ ਫੁੱਲੇ ਨਹੀਂ ਸਮਾਉਂਦੇ ਸਨ। ਪਰ ਉਨ੍ਹਾਂ ਨੂੰ ਕੀ ਪਤਾ ਸੀ ਕਿ ਉਸ ਸਮੇਂ ਗੁਰੂ ਸਾਹਿਬ ਮਾਛੀਵਾੜਾ ਦੇ ਜੰਗਲਾਂ ਵਿਚ ‘ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ’ ਅਲਾਪ ਰਹੇ ਹਨ।

ਇਹ ਰਹੀ ਦੁਨੀਆ ਦੇ ਇਤਿਹਾਸ ਦੀ ਬੇਜੋੜ ਤੇ ਅਸਾਵੀਂ ਜੰਗ ਦੀ ਦਾਸਤਾਨ। ਇਸ ਘਟਨਾ ਦੇ ਪ੍ਰਤਿਕਰਮ ਵਜੋਂ ਹੀ ਗੁਰੂ ਸਾਹਿਬ ਨੇ ਪਹਿਲੀ ਵਾਰ ਜ਼ੁਲਮ, ਜਬਰ ਤੇ ਤਕੱਬਰ ਵਿਰੁੱਧ ਤਲਵਾਰ ਉਠਾਉਣ ਲਈ ਲਲਕਾਰ ਕੇ ਆਖਿਆ :

*ਚੁ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸ਼ਤ।*
*ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ॥*

ਇਸ ਤਰ੍ਹਾਂ ਸ਼ਹਾਦਤ ਦੀ ਇਸ ਬੇਨਜ਼ੀਰ ਘਟਨਾ ਨੇ ਸਿੱਖ-ਸੋਚ ਤੇ ਜਿਊਣ-ਢੰਗ ਨੂੰ ਨਵੀਂ ਦਿਸ਼ਾ ਪ੍ਰਦਾਨ ਕੀਤੀ ਅਤੇ ਮੁਗਲਾਂ ਦੀ ਤਬਾਹੀ ਲਈ ਰਾਹ ਪੱਧਰਾ ਕੀਤਾ।

ਵੱਡੇ ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ ਨੇ ਚਮਕੌਰ ਦੀ ਧਰਤੀ ਨੂੰ ਪੂਜਣਯੋਗ ਬਣਾ ਦਿੱਤਾ ਹੈ। ਅੱਲ੍ਹਾ ਯਾਰ ਖ਼ਾਂ, ਇਸ ਤੱਥ ’ਤੇ ਆਪਣੀ ਅਮਿਟ ਛਾਪ ਇਉਂ ਲਗਾਉਂਦਾ ਹੈ :

*ਬਸ ਏਕ ਹਿੰਦ ਮੇਂ ਤੀਰਥ ਹੈ ਯਾਤਰਾ ਕੇ ਲੀਏ*
*ਕਟਾਏ ਬਾਪ ਨੇ ਬੱਚੇ ਜਹਾਂ, ਖ਼ੁਦਾ ਕੇ ਲੀਏ*
*ਚਮਕ ਹੈ ਮਿਹਰ ਕੀ ਚਮਕੌਰ! ਤੇਰੇ ਜ਼ੱਰਰੋਂ ਮੇਂ*
*ਯਹੀਂ ਸੇ ਬਨ ਕੇ ਸਤਾਰੇ ਗਏ ਆਸਮਾਂ ਕੇ ਲੀਏ...*

ਦੋਵੇਂ ਸਾਹਿਬਜ਼ਾਦਿਆਂ ਨੇ ਮਿਤੀ ੮ ਪੋਹ ੧੭੬੧ ਬਿ: (੨੨ ਦਸੰਬਰ, ੧੭੦੪ ਈ:) ਨੂੰ ਸ਼ਹੀਦੀ ਜਾਮ ਪੀਤੇ (ਕੁਝ ਇਤਿਹਾਸਕਾਰਾਂ ਵੱਲੋਂ ਚਮਕੌਰ ਦੀ ਜੰਗ ਅਤੇ ਸ਼ਹਾਦਤ ਦੀ ਮਿਤੀ ੧੭ ਮੱਘਰ, ੧੭੬੨ ਬਿ: ਦੱਸੀ ਜਾਂਦੀ ਹੈ)।

ਸ਼ਹਾਦਤ ਦੀ ਸਰ-ਜ਼ਮੀਨ, ਚਮਕੌਰ ਸਾਹਿਬ ਦੀ ਲਹੂ-ਭਿੱਜੀ ਧਰਤੀ, ਅੱਜ ਸਾਨੂੰ ਇਹ ਸੋਚਣ ਲਈ ਮਜਬੂਰ ਕਰਦੀ ਹੈ ਕਿ ਆਪਣੇ ਪੁਰਖਿਆਂ ਦੇ ਲਾਸਾਨੀ ਕਾਰਨਾਮਿਆਂ ਨੂੰ ਵਾਚੀਏ ਅਤੇ ਵੇਖੀਏ ਕਿ ਅਸੀਂ ਕਿਥੇ ਕੁ ਖੜੇ ਹਾਂ? ਆਓ! ਆਪਣੇ ਇਸ ਗੌਰਵਮਈ ਵਿਰਸੇ ਨੂੰ ਸੰਭਾਲਣ ਅਤੇ ਚੜ੍ਹਦੀ ਕਲਾ ਵਿਚ ਰਹਿਣ ਦਾ ਪ੍ਰਣ ਲਈਏ।

# ਮਾਤਾ ਗੁਜਰੀ ਜੀ

*[ਡਾ. ਸੁਰਿੰਦਰ ਕੌਰ ਜੀ, ਗੁਰੂ ਗੋਬਿੰਦ ਸਿੰਘ ਕਾਲੇਜ ਫਾਰ ਵੂਮੈਨ, ਚੰਡੀਗੜ੍ਹ]*

ਮਾਤਾ ਗੁਜਰੀ ਜੀ ਉਹ ਪੂਜਨੀਕ ਮਾਤਾ ਹੈ, ਜਿਨ੍ਹਾਂ ਨੇ ਆਪਣੇ ਪਤੀ ਦੀ ੨੯ ਸਾਲ ੬ ਮਹੀਨੇ ੧੩ ਦਿਨ, ਤਪੱਸਿਆ ਦੇ ਦੌਰਾਨ ਦੁਨਿਆਵੀ ਸੁੱਖ ਤਿਆਗ ਕੇ, ਸੇਵਾ ਕੀਤੀ। ਸ਼ਹੀਦ ਗੁਰੂ ਦੀ ਪਤਨੀ, ਸ਼ਹੀਦ ਗੁਰੂ ਦੀ ਮਾਤਾ, ਸ਼ਹੀਦ ਪੋਤਰਿਆਂ ਦੀ ਦਾਦੀ, ਮਾਤਾ ਗੁਜਰੀ ਜੀ ਹੀ ਸਨ। ਮਾਤਾ ਜੀ ਪਹਿਲੀ ਸਿੱਖ ਇਸਤਰੀ ਸ਼ਹੀਦ ਹਨ, ਜਿਨ੍ਹਾਂ ਆਪਣੇ ਦੋਵਾਂ ਪੋਤਿਆਂ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਹਿ ਸਿੰਘ ਜੀ ਨਾਲ ਪਹਿਲਾਂ ਠੰਡੇ ਬੁਰਜ ਵਿਚ ਕੈਦੀ ਦੇ ਤੌਰ 'ਤੇ ਵਜ਼ੀਰ ਖਾਂ ਦੇ ਤਸੀਹੇ ਸਹਾਰੇ ਤੇ ਪਿੱਛੋਂ ਸ਼ਹਾਦਤ ਪਾਈ। ਧਰਮ ਦੇ ਨਾਂ 'ਤੇ ਕੁਰਬਾਨ ਹੋਣ ਦਾ ਜਜ਼ਬਾ ਕੇਵਲ ਉਨ੍ਹਾਂ ਵਿਚ ਹੀ ਨਹੀਂ ਸੀ, ਸਗੋਂ ਭਰਾ (ਮਾਮਾ) ਕ੍ਰਿਪਾਲ ਚੰਦ ਦੀ ਸੇਵਾ ਤੇ ਪਿੱਛੋਂ ਸ਼ਹਾਦਤ ਇਤਿਹਾਸ ਵਿਚ ਉੱਘੀ ਹੈ। ਫਿਰ ਕਮਾਲ ਹੈ ਕਿ ਉਨ੍ਹਾਂ ਦੀ ਨਨਾਣ ਬੀਬੀ ਵੀਰੋ ਦੇ ਪੰਜਾਂ ਪੁੱਤਰਾਂ ਭਾਈ ਸੰਗੋ ਸ਼ਾਹ ਜੀ ਆਦਿ ਨੇ ਵੀ ਸਨਮੁਖ ਹੋ ਸ਼ਹਾਦਤਾਂ ਪਾਈਆਂ। ਇਹ ਸ਼ਹੀਦ ਇਸੇ ਮਹਾਨ ਆਤਮਾ ਗੁਜਰੀ ਜੀ ਦੇ ਨਨੋਤਰੇ ਸਨ।

ਮਾਤਾ ਗੁਜਰੀ ਜੀ ਦਾ ਜਨਮ ਕਰਤਾਰਪੁਰ (ਜਲੰਧਰ) ਵਿਖੇ ਭਾਈ ਲਾਲ ਚੰਦ ਦੇ ਘਰ ਮਾਤਾ ਬਿਸ਼ਨ ਕੌਰ ਜੀ ਦੀ ਕੁੱਖੋਂ ਸੰਨ ੧੬੧੯ ਨੂੰ ਹੋਇਆ। ਛੋਟੀ ਉਮਰ ਵਿਚ ਹੀ ਆਪ ਜੀ ਦਾ ਅਨੰਦ ਕਾਰਜ ਗੁਰੂ ਤੇਗ ਬਹਾਦਰ ਜੀ ਨਾਲ ਹੋ ਗਿਆ। ਨਥਾਣਾ ਦੀ ਜੰਗ ਉਪਰੰਤ ਜਦ ਗੁਰੂ ਹਰਿਗੋਬਿੰਦ ਜੀ ਕੀਰਤਪੁਰ ਆਏ ਅਤੇ ਉਥੇ ਹੀ ਭਾਈ ਲਾਲ ਚੰਦ ਦੀ ਲੜਕੀ ਬੀਬੀ ਗੁਜਰੀ ਨਾਲ ਤੇਗ ਬਹਾਦਰ ਜੀ ਦਾ ਰਿਸ਼ਤਾ ਪੱਕਾ ਹੋਇਆ। ਮਾਰਚ ੧੬੩੨ ਈ: ਵਿਚ ਸ਼ਾਦੀ ਕਰਤਾਰਪੁਰ ਹੋਈ। ਕਰਤਾਰਪੁਰ ਵਿਚ ਵਿਆਹ ਦੀ ਰੌਣਕ ਅਪੂਰਵ ਸੀ। ਮਿਲਣੀ ਵੇਲੇ ਜਦ ਭਾਈ ਲਾਲ ਚੰਦ ਜੀ ਨੇ ਅੱਗੇ ਵਧ ਗੁਰੂ ਚਰਨਾਂ 'ਤੇ ਸਿਰ ਨਿਵਾਇਆ ਤਾਂ ਗੁਰੂ ਜੀ ਨੇ ਆਪ ਪਕੜ ਕੇ ਛਾਤੀ ਨਾਲ ਲਗਾਇਆ।

ਅਨੰਦ ਕਾਰਜ ਉਪਰੰਤ ਭਾਈ ਲਾਲ ਚੰਦ ਜੀ ਨੇ ਆਪਣੀ ਬੱਚੀ ਨੂੰ ਪਤੀ ਦੀ ਹਰ ਸਮੇਂ ਸੇਵਾ ਕਰਨ ਦੀ ਹੀ ਸਿੱਖਿਆ ਦਿੱਤੀ। ਗੁਰੂ ਤੇਗ ਬਹਾਦਰ ਜੀ ਤੇ ਗੁਜਰੀ ਜੀ ਦੀ ਜੋੜੀ ਬਹੁਤ ਸੁੰਦਰ ਲੱਗ ਰਹੀ ਸੀ। ਹਰ ਕੋਈ ਕਹਿ ਰਿਹਾ ਸੀ ਕਿ ਵਿਧਾਤਾ ਨੇ ਆਪ ਸੁੰਦਰਤਾ ਵਿਚ ਡੁਬੋ ਘੜੀ ਹੈ।

*ਕਹਿ ਤੇਗ ਬਹਾਦਰ ਜੋੜੀ।*<br>
*ਬਿਧ ਰਚੀ ਰੁਚਿਰ ਰੁਚਿ ਬੋਰੀ।*

ਵਿਆਹ ਤੋਂ ਪਿੱਛੋਂ ਜਦ ਮਾਤਾ ਗੁਜਰੀ ਜੀ ਨੂੰ ਡੋਲੇ ਪਾਉਣ ਲੱਗੇ ਤਾਂ ਮਾਤਾ ਬਿਸ਼ਨ ਕੌਰ ਜੀ ਨੇ ਕੋਲ ਬਿਠਾ ਕੇ ਕਿਹਾ : ਬੇਟਾ, ਨਾਮ ਨੂੰ ਲਾਜ ਨਾ ਲੱਗਣ ਦੇਈਂ। ਗੁਜਰੀ ਦੇ ਅਰਥ ਹੀ ਸੁਖ ਦੇਣਾ ਹੈ। 'ਗੁਜਰੀ ਨਾਮ ਜਹਿ ਸੁਖ ਦਾਈਂ ਅਤੇ ਫਿਰ ਕਿਹਾ ਕਿ ਪਤੀ ਨੂੰ ਪਰਮੇਸ਼ਵਰ ਜਾਣ ਕੇ ਸੇਵਾ ਕਰੀਂ। ਪਤੀ ਦੇ ਟਾਕਰੇ ਦੀ ਹੋਰ ਕੋਈ ਸੇਵਾ ਜਗ ਵਿਚ ਨਹੀਂ। ਗੁਰਬਿਲਾਸ ਪਾਤਸ਼ਾਹੀ ਛੇਵੀਂ ਦੇ ਸ਼ਬਦਾਂ ਵਿਚ :

*ਪਤਿ ਸਮ ਈਸ ਪਛਾਨ ਕੈ, ਤੇ ਪੁਤਰੀ ਕਰ ਸੇਵ।*<br>
*ਪਤਿ ਪਰਮੇਸਰ ਜਾਨੀਏ, ਔਰ ਤੁਛ ਲਖ ਏਵ।*

ਜਦ ਬਰਾਤ ਵਾਪਸ ਟਿਕਾਣੇ ਰਵਾਨਾ ਹੋਣ ਲੱਗੀ ਤਾਂ ਭਾਈ ਲਾਲ ਚੰਦ ਜੀ ਨੇ ਨਿਮਰਤਾ ਵਿਚ ਕਿਹਾ ਕਿ ਉਨ੍ਹਾਂ ਕੋਲੋਂ ਗੁਰੂ ਜੀ ਦੀ ਸ਼ਾਨ ਦੇ ਤੁੱਲ ਸੇਵਾ ਨਹੀਂ ਹੋ ਸਕੀ ਅਤੇ ਨਾ ਹੀ ਕੁਝ ਭੇਟ ਕਰਨ ਲਈ ਹੈ । ਜਦ ਉਸ ਦੇ ਇਹ ਨਿਮਰਤਾ ਭਰੇ ਬਚਨ ਗੁਰੂ ਹਰਿਗੋਬਿੰਦ ਜੀ ਨੇ ਸੁਣੇ ਤਾਂ ਉਨ੍ਹਾਂ ਫੁਰਮਾਇਆ, "ਲਾਲ ਚੰਦ ਜੀ! ਤੁਸੀਂ ਕਿਹੜੀਆਂ ਗੱਲਾਂ ਵਿਚ ਪੈ ਗਏ।"

*ਲਾਲ ਚੰਦ! ਤੁਮ ਦੀਨੋ ਸਕਲ ਬਿਸਾਲਾ।*<br>
*ਜਿਨ ਤਨੁਜਾ ਅਰਪਨ ਕੀਨੰ।*<br>
*ਕਯਾ ਪਾਛੈ ਤਿੰਨ ਰਖ ਲੀਨੰ।*

ਮਾਤਾ ਗੁਜਰੀ ਜੀ ਸੱਚਮੁੱਚ ਦੁੱਖ ਵਿਚ ਸੁੱਖ ਮਨਾਉਣ ਵਾਲੀ ਮਹਾਨ ਇਸਤਰੀ ਸੀ। ਜਦ ਗੁਰੂ ਤੇਗ ਬਹਾਦਰ ਜੀ ਗੁਰੂ ਹਰਿਗੋਬਿੰਦ ਜੀ ਦੀ ਆਗਿਆ ਮੰਨ ਮਾਤਾ ਨਾਨਕੀ ਸਮੇਤ ਨਾਨਕੇ ਬਾਬਾ ਬਕਾਲਾ ਵਿਖੇ ਆ ਗਏ ਤਾਂ

ਆਪ ਵੀ ਘਾਲ ਸੇਵਾ ਵਿਚ ਲੱਗੇ ਰਹਿੰਦੇ। ਜੇ ਪਤੀ ਸਮਾਧੀ ਅਸਥਿਤ ਰਹਿੰਦੇ ਤਾਂ ਮਾਤਾ ਗੁਜਰੀ ਜੀ ਸਦਾ ਸੇਵਾ ਸਾਧਨਾ ਵਿਚ ਜੁਟੇ ਰਹਿੰਦੇ।

ਮਾਤਾ ਗੁਜਰੀ ਜੀ ਪਰਮ-ਆਤਮਾ, ਸੁੰਦਰ, ਸੁਸ਼ੀਲ, ਮਿੱਠੇ ਬੋਲ ਅਤੇ ਲੰਮੀ ਨਦਰ ਵਾਲੇ ਪ੍ਰਸੰਨ-ਚਿੱਤ, ਗੁਰ-ਚਿੱਤ ਵਿਚ ਧਿਆਨ ਵਾਲੇ ਅਤੇ ਮਨ ਦੇ ਕੋਮਲ ਸਨ। ਚਿਹਰਾ ਚਮਕਦਾ ਸੀ। ਹਾਥੀ ਵਰਗੀ ਚਾਲ ਸੀ ਅਤੇ ਕੋਮਲ ਇਤਨੇ, ਜਿਤਨੀ ਚੰਬੇ ਦੀ ਕਲੀ ਹੁੰਦੀ ਹੈ।

*ਚੰਪਕ ਸਮ ਬਦਨੀ (ਚੰਬੇ ਦੀ ਕਲੀ ਵਾਂਗ ਸਰੀਰ)*
*ਗਜ ਗਤ ਰਦਨੀ (ਹਾਥੀ ਵਰਗੀ ਚਾਲ)*
*ਬਹੁ ਮਦ ਮਦਨੀ, ਕੈਸ ਕਹਾਂ।*
*ਰਾਜਤ ਰਤ ਨਾਰੀ (ਚਿਹਰਾ ਚੰਦ ਵਰਗਾ ਚਮਕਦਾ ਤੇ ਪ੍ਰੀਤੀ ਅਥਾਹ)*
*ਸਾਚੇ ਢਾਰੀ ਸਸਮੁਖ ਸਾਰੀ ਭੌਹ ਲਿਖੇ ॥੧੫੭॥*
*(ਅਧਿਆਇ ਵੀਹਵਾਂ)*

ਗੁਰੂ ਤੇਗ ਬਹਾਦਰ ਜੀ ਸਦਾ ਆਪ ਜੀ ਦੇ ਸੁਖ ਆਰਾਮ ਦਾ ਖ਼ਿਆਲ ਰੱਖਦੇ। ਨੌਵੇਂ ਪਾਤਸ਼ਾਹ ਦੇ ਹੁਕਮਨਾਮਿਆਂ ਵਿਚ ਇਸ ਆਸ਼ੇ ਦੇ ਕਿਤਨੇ ਹੀ ਸੰਕੇਤ ਹਨ। ਪਟਨਾ ਸੰਗਤਾਂ ਦੇ ਨਾਮ ਇਕ ਹੁਕਮਨਾਮੇ ਵਿਚ 'ਅੱਛੀ ਖੁੱਲ੍ਹੀ ਹਵੇਲੀ ਹੋਵੇ ਉਥੇ ਮਹਲ ਦਾ ਵਾਸਾ ਰੱਖਣਾ ਲਿਖਿਆ ਹੈ। ਇਹ ਸਭ ਦਰਸਾਂਦਾ ਹੈ ਕਿ ਪਤੀ-ਪਤਨੀ ਇਕ ਦੂਜੇ ਦੇ ਹਿੱਤ ਵਿਚ, ਖ਼ਿਆਲ ਵਿਚ ਸਦਾ ਤੱਤਪਰ ਰਹਿੰਦੇ ਸਨ।

ਗੁਜਰੀ ਜੀ ਸ਼ਰਮ, ਲੱਜ ਤੇ ਨਿਮਰਤਾ ਦੀ ਮੂਰਤ ਸਨ। ਕਦੇ ਨੈਣ ਵੀ ਉੱਚੇ ਨਹੀਂ ਕੀਤੇ ਸਨ। ਸੱਸ, ਮਾਤਾ ਜੀ ਨੂੰ ਕਦੇ ਮੌਕਾ ਹੀ ਨਹੀਂ ਸੀ ਦਿੱਤਾ ਕਿ ਉਨ੍ਹਾਂ ਨੂੰ ਕੁਝ ਕਹਿਣਾ ਪਏ। ਹਰ ਸਮੇਂ ਸੇਵਾ ਵਿਚ ਜੁੱਟੇ ਰਹਿੰਦੇ। ਜਦ ਵਿਆਹ ਤੋਂ ਕੁਝ ਚਿਰ ਬਾਅਦ ਹੀ ਕਰਤਾਰਪੁਰ ਵਿਖੇ ਗੁਰੂ ਹਰਿਗੋਬਿੰਦ ਜੀ ਨੂੰ ਪੈਂਦੇ ਖ਼ਾਨ ਦੀ ਚੁੱਕ ਤੋਂ ਮੁਗ਼ਲ ਸੈਨਾ ਨਾਲ ਜੰਗ ਲੜਨੀ ਪਈ ਤਾਂ ਮਾਤਾ ਗੁਜਰੀ ਜੀ ਨੇ ਜੋ ਸਾਹਸ ਦੱਸਿਆ, ਉਸ ਦਾ ਵਰਣਨ ਮੁਹਸਨ ਫ਼ਾਨੀ ਨੇ ਕੀਤਾ ਹੈ। ਇਹ ਪਹਿਲੀ ਜੰਗ ਸੀ, ਜੋ ਗੁਰੂ ਮਹਲ, ਗੁਰੂ ਪੁੱਤਰੀ ਅਤੇ ਮਾਤਾ ਗੁਜਰੀ ਨੇ ਅੱਖੀਂ ਡਿੱਠੀ। ਮਕਾਨਾਂ ਦੀਆਂ ਛੱਤਾਂ ਤੋਂ ਅੱਖੀਂ ਮਾਤਾ ਗੁਜਰੀ ਜੀ ਆਪਣੇ ਸਿਰ ਦੇ ਸਾਈਂ ਗੁਰੂ ਤੇਗ ਬਹਾਦਰ ਜੀ ਨੂੰ ਜੂਝਦੇ ਦੇਖ, ਹੱਲਾਸ਼ੇਰੀ ਵੀ ਦੇ ਰਹੇ ਸਨ। ਇਸੇ ਜੰਗ ਵਿਚ ਗੁਰੂ ਤੇਗ ਬਹਾਦਰ ਜੀ ਨੂੰ ਕਮਾਲ ਹੁਸ਼ਿਆਰੀ ਤੇ ਚਤੁਰਾਈ ਨਾਲ ਤਲਵਾਰ ਚਲਾਂਦੇ ਦੇਖ ਛੇਵੇਂ ਪਾਤਸ਼ਾਹ ਜੀ ਨੇ ਕਿਹਾ ਸੀ, 'ਤੂੰ ਤਿਆਗ ਮੱਲ ਤਾਂ ਨਹੀਂ, ਤੇਗ ਬਹਾਦਰ ਹੈਂ।

ਮਾਤਾ ਗੁਜਰੀ ਤੇ ਗੁਰੂ ਤੇਗ ਬਹਾਦਰ ਜੀ ਬਾਬਾ ਬਕਾਲਾ ਵਿਖੇ ਤਕਰੀਬਨ ੨੬ ਸਾਲ ਤਪ, ਤਿਆਗ, ਸੇਵਾ, ਸਿਮਰਨ ਵਿਚ ਰੁਝੇ ਰਹੇ। ਕਈ ਕਈ ਘੰਟੇ ਗੁਰਬਾਣੀ ਦਾ ਪਾਠ ਕਰਨ ਵਿਚ ਲੱਗੇ ਰਹਿੰਦੇ। ਇਸ ਦਾ ਉਦਾਹਰਣ ਮਿਲਣਾ ਕਠਨ ਹੈ। ਤਪਾਂ ਸਿਰ ਤਪ ਇਹ ਬਾਣੀ ਦਾ ਪਾਠ ਹੀ ਸੀ। ਇਹ ਹੀ ਜੋਗ ਸੀ। ਗੁਰੂ ਗੋਬਿੰਦ ਸਿੰਘ ਜੀ ਨੇ 'ਬਚਿਤ੍ਰ ਨਾਟਕ' ਵਿਚ ਇਸ ਦਾ ਵਰਣਨ ਇਸ ਤਰ੍ਹਾਂ ਕੀਤਾ ਹੈ ਕਿ ਮੇਰੇ ਮਾਤਾ (ਗੁਜਰੀ ਜੀ) ਤੇ ਤਾਤ (ਗੁਰੂ ਤੇਗ ਬਹਾਦਰ ਜੀ) ਦੋਵਾਂ ਨੇ ਐਸੀ ਤਪੱਸਿਆ ਕੀਤੀ ਕਿ ਉਸ 'ਤੇ ਵਾਹਿਗੁਰੂ ਪ੍ਰਸੰਨ ਹੋਏ। 'ਬਚਿਤ੍ਰ ਨਾਟਕ' ਦੇ ਸ਼ਬਦਾਂ ਵਿਚ:

*ਤਾਤ ਮਾਤ ਮੁਰ ਅਲਖ ਅਰਾਧਾ॥*
*ਬਹੁ ਬਿਧਿ ਜੋਗ ਸਾਧਨਾ ਸਾਧਾ॥੩॥*
*ਤਿਨ ਜੋ ਕਰੀ ਅਲਖ ਕੀ ਸੇਵਾ॥*
*ਤਾ ਤੇ ਭਏ ਪ੍ਰਸੰਨਿ ਗੁਰਦੇਵਾ॥*
*ਤਿਨ ਪ੍ਰਭ ਜਬ ਆਇਸ ਮੁਹਿ ਦੀਆ ॥*
*ਤਬ ਹਮ ਜਨਮ ਕਲੂ ਮਹਿ ਲੀਆ ॥*
*(ਅਧਿਆਇ ੬)*

ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਇਸ ਅਦੁੱਤੀ ਤਪੱਸਿਆ ਕਰਦੀ ਜੋੜੀ ਦੇ ਘਰ ਹੋਇਆ। ਮਾਂ ਗੁਜਰੀ ਤੇ ਬਾਪ ਗੁਰੂ ਤੇਗ ਬਹਾਦਰ ਜੀ ਨੇ ਐਸੀ ਪਾਲਣਾ ਪੋਸ਼ਣਾ ਕੀਤੀ ਕਿ ਜਿਸ ਦਾ ਵਰਣਨ ਕਰਨਾ ਕਠਨ ਹੈ। ਇਹ ਤਾਂ ਅਖਾਣ ਹੀ ਬਣ ਗਿਆ। ਪਹਿਲਾਂ ਪਟਨਾ ਸਾਹਿਬ 'ਅਨਿਕ ਭਾਂਤਿ ਤਨ ਰੱਛਾ', ਫਿਰ ਅਨੰਦਪੁਰ ਸਾਹਿਬ 'ਭਾਂਤ ਭਾਂਤ ਕੀ ਸਿੱਛਾ' ਦਿੱਤੀ।

ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦ ਹੋ ਜਾਣ ਤੇ ਜੋ ਹੌਸਲਾ ਤੇ ਜੁਰਅੱਤ ਮਾਤਾ ਗੁਜਰੀ ਨੇ ਦਰਸਾਈ, ਉਹ ਵੀ ਵੇਖਣ ਵਾਲੀ ਸੀ। ਜਦ ਸਾਹਿਬ ਗੁਰੂ ਤੇਗ ਬਹਾਦਰ ਜੀ ਦਾ ਕੱਟਿਆ ਹੋਇਆ ਪਾਵਨ ਸੀਸ ਭਾਈ ਜੈਤਾ ਜੀ, ਭਾਈ ਨਾਨੂੰ ਤੇ ਭਾਈ ਅੱਡਾ ਦੀ ਸਹਾਇਤਾ ਨਾਲ ਕੀਰਤਪੁਰ ਸਾਹਿਬ ਲੈ ਕੇ ਆਏ ਤੇ ਅਨੰਦਪੁਰ ਖ਼ਬਰ ਭੇਜੀ ਤਾਂ ਮਾਤਾ ਗੁਜਰੀ ਜੀ ਨੇ ਗੁਰ-ਪਤੀ ਦੇ ਸ਼ਹੀਦ ਸੀਸ ਅੱਗੇ ਸਿਰ ਝੁਕਾ ਕੇ ਕਿਹਾ ਕਿ "ਤੁਹਾਡੀ ਨਿਭ ਆਈ। ਇਹ ਹੀ ਬਖ਼ਸ਼ਸ਼ ਕਰਨੀ ਕਿ ਮੇਰੀ ਵੀ ਨਿਭ ਜਾਏ। ਸਚਮੁੱਚ ਮਾਤਾ ਗੁਜਰੀ ਜੀ ਵੀ ਐਸੋ ਨਿਭਾ ਕੇ ਗਏ ਕਿ ਦੁਨੀਆ ਦੀਆਂ ਮਾਵਾਂ ਲਈ ਪੂਰਨੇ ਹਨ। ਜਦ ਗੁਰੂ ਗੋਬਿੰਦ ਸਿੰਘ ਜੀ ਨੇ ਕੌਮ ਨੂੰ ਹੌਸਲਾ ਰੱਖ ਦ੍ਰਿੜ੍ਹ ਚਿਤ ਹੋ ਜ਼ੁਲਮ ਜਬਰ ਵਿਰੁੱਧ ਖੜੇ ਹੋਣ ਲਈ ਵੰਗਾਰ ਪਾਈ ਤਾਂ ਮਾਤਾ ਜੀ ਨੇ ਨਾ ਸਿਰਫ਼ ਚਾਅ ਹੀ ਪ੍ਰਗਟ ਕੀਤਾ, ਸਗੋਂ ਹੋਰ ਅਸੀਸਾਂ ਦਿੱਤੀਆਂ।

ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਉਪਰੰਤ ਮਾਤਾ

ਗੁਜਰੀ ਜੀ ਨੇ ਮਸੰਦਾਂ ਅਤੇ ਦੋਖੀਆਂ ਦੇ ਭੈੜੇ ਮਨਸੂਬਿਆਂ ਨੂੰ ਸਿਰੇ ਨਾ ਚੜ੍ਹਨ ਦਿੱਤਾ। ਉਸ ੮ ਸਾਲ ਦੇ ਬਿਖੜੇ ਸਮੇਂ ਭੰਗਾਣੀ ਯੁਧ ਤਕ ਸੰਗਤਾਂ ਵਿਚ ਆਪੂੰ ਵਿਚਰ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮਾਂ 'ਤੇ ਟੁਰਨ ਦੀ ਪ੍ਰੇਰਨਾ ਕਰਦੇ ਰਹੇ। ਆਪ ਜੀ ਦੇ ਲਿਖੇ ਕਿਤਨੇ ਹੀ ਹੁਕਮਨਾਮੇ ਹਨ। ਉਨ੍ਹਾਂ ਦੀ ਲਿਖਤ ਤੋਂ ਪ੍ਰਗਟ ਹੁੰਦਾ ਹੈ ਕਿ ਆਪ ਜੀ ਦ੍ਰਿੜ੍ਹ ਚਿਤ ਸੁਭਾਅ ਦੇ ਸਨ। ਹੱਥ ਲਿਖਤ ਤੋਂ ਪਤਾ ਲੱਗਦਾ ਹੈ ਕਿ ਸਰਲ ਚਿਤ ਵੀ ਸਨ। ਅਗਲੇ ਨੂੰ ਸਮਝਾਉਣ ਲਈ ਗੱਲ ਇਸ ਤਰ੍ਹਾਂ ਕਹਿੰਦੇ ਸਨ ਕਿ ਉਸ ਦੇ ਮਨ ਵਿਚ ਹੀ ਧੱਸ ਜਾਂਦੀ। ਛਲ ਰਹਿਤ ਜੀਵਨ ਸੀ। ਰਤਾ ਭਰ ਬਨਾਵਟ ਨਹੀਂ ਸੀ। ਮਸੰਦਾਂ ਨੂੰ ਤਾੜ ਕੇ ਰੱਖਦੇ ਸਨ।

ਦਸੰਬਰ ੧੭੦੪ ਨੂੰ ਅਨੰਦਪੁਰ ਸਾਹਿਬ ਛੱਡਣ ਉਪਰੰਤ ਸਰਸਾ ਵਿਖੇ ਜਦ ਪਰਿਵਾਰ ਵਿਛੜ ਗਿਆ ਤਾਂ ਆਪ ਜੀ ਛੋਟੇ ਸਾਹਿਬਜ਼ਾਦਿਆਂ, ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਹਿ ਸਿੰਘ ਜੀ ਨਾਲ ਗੰਗੂ ਬ੍ਰਾਹਮਣ ਦੇ ਪਿੰਡ ਸਹੇੜੀ (ਖੇੜੀ) ਚਲੇ ਗਏ। ਗੰਗੂ ਨੇ ਲਾਲਚ-ਵੱਸ ਨਵਾਬ ਸਰਹਿੰਦ ਪਾਸ ਸੂਹ ਪਹੁੰਚਾਈ ਅਤੇ ਸਾਹਿਬਜ਼ਾਦਿਆਂ ਸਮੇਤ ਮਾਤਾ ਗੁਜਰੀ ਜੀ, ਗ੍ਰਿਫ਼ਤਾਰ ਕਰ ਕੇ ਸਰਹਿੰਦ ਠੰਡੇ ਬੁਰਜ ਵਿਚ ਰੱਖੇ ਗਏ। ਮਾਤਾ ਜੀ ਸਾਹਿਬਜ਼ਾਦਿਆਂ ਨੂੰ ਸਾਹਮਣੇ ਤਸੀਹੇ ਦੇਂਦੇ ਦੇਖ ਕੇ ਅਡੋਲ ਰਹੇ ਅਤੇ ਸਾਹਿਬਜ਼ਾਦਿਆਂ ਨੂੰ ਦ੍ਰਿੜ੍ਹ ਰਹਿਣ ਦੀ ਲੋਰੀ ਦੇਂਦੇ ਰਹੇ। ਜਦ ਮਾਤਾ ਜੀ ਸਿੱਖੀ ਦੇ ਗੌਰਵ ਦੀਆਂ ਗਾਥਾਵਾਂ ਸੁਣਾਂਦੇ ਤੇ ਕਦੇ ਨਾ ਡੋਲਣਾ ਦੀ ਗੱਲ ਦੋਹਾਂ ਸਾਹਿਬਜ਼ਾਦਿਆਂ ਨੂੰ ਕਹੀ ਤਾਂ ਉਨ੍ਹਾਂ ਜੋ ਮਾਤਾ ਜੀ ਨੂੰ ਸੁਣਾ ਕੇ ਕਿਹਾ ਉਹ ਦਰਸਾ ਰਿਹਾ ਸੀ ਕਿ ਕਿਸ ਮਿੱਟੀ ਦੇ ਬਣੇ ਹੋਏ ਸਨ ਇਹ ਸਾਹਿਬਜ਼ਾਦੇ।

*ਧੰਨ ਭਾਗ ਹਮਰੇ ਹੈ ਮਾਈ।*
*ਧਰਮ ਹੇਤ ਤਨ ਜੇ ਕਰਜਾਈ।*

ਜਦ ਨਵਾਬ ਅਤੇ ਕਾਜ਼ੀ ਨੇ ਕਿਤਨੇ ਹੀ ਲਾਲਚ ਸਾਹਿਬਜ਼ਾਦਿਆਂ ਨੂੰ ਦਿੱਤੇ ਤੇ ਸੁੱਚਾ ਨੰਦ ਨੇ ਜ਼ਾਮਨੀ ਭਰੀ ਕਿ ਉਹ ਜਾਗੀਰਾਂ ਲੈ ਕੇ ਦੇਵੇਗਾ ਤਾਂ ਸਾਹਿਬਜ਼ਾਦਿਆਂ ਨੇ ਕਿਹਾ ਕਿ ਧਿਆਨ ਨਾਲ ਸੁਣ, ਸਾਡੇ ਘਰ ਦੀ ਰੀਤ :

*ਹਮਰੇ ਬੰਸ ਰੀਤ ਇਮ ਆਈ।*
*ਸੀਸ ਦੇਤ ਪਰ ਧਰਮ ਨ ਜਾਈ।*

ਜੋ ਜਵਾਬ, ਭਰੀ ਕਚਹਿਰੀ ਵਿਚ ਨਿੱਕੀਆਂ ਜਿੰਦਾਂ ਪਰ ਬਲਵਾਨ ਆਤਮਾਵਾਂ ਨੇ ਦਿੱਤੇ ਉਹ ਵੀ ਪ੍ਰਗਟਾਂਦੇ ਹਨ ਕਿ ਪਿੱਛੇ ਮਾਤਾ ਜੀ ਦੀ ਕਿਤਨੀ ਭਾਰੀ ਸ਼ਕਤੀ ਸੀ।

ਕਲਗੀਧਰ ਜੀ ਦੇ ਸਾਹਿਬਜ਼ਾਦੇ ਹੱਸ ਹੱਸ ਨੀਹਾਂ ਵਿਚ ਆਪਾ ਚਿਣਾ ਗਏ, ਪਰ ਸਿੱਖੀ ਨੂੰ ਆਂਚ ਨਾ ਲੱਗਣ ਦਿੱਤੀ। ਸਾਹਿਬਜ਼ਾਦਿਆਂ ਦੀ ਸ਼ਹਾਦਤ ਉਪਰੰਤ ਮਾਤਾ ਗੁਜਰੀ ਜੀ ਸਮਾਧੀ ਸਥਿਤ ਹੋ ਗਏ ਅਤੇ ਆਪਣੇ ਪ੍ਰਾਣ ਚੜ੍ਹਾ ਲਏ। ਦਾਦੀ ਅਤੇ ਦੋਨਾਂ ਪੋਤਰਿਆਂ ਦਾ ਸੰਸਕਾਰ ਇਕੱਠਾ ਹੀ ਟੋਡਰ ਮੱਲ ਨਾਂ ਦੇ ਜੌਹਰੀ ਨੇ ਹੀਰੇ ਵਿਛਾ ਕੇ, ਥਾਂ ਲੈ ਕੇ ਕੀਤਾ। ਇਹ ਸਾਕਾ ੨੮ ਦਸੰਬਰ ੧੭੦੪ ਈ: ਦਾ ਹੈ।

ਜਿਥੇ ਸਾਹਿਬਜ਼ਾਦੇ ਤੇ ਮਾਤਾ ਜੀ ਕੈਦ ਰੱਖੇ ਗਏ, ਉਸ ਬੁਰਜ ਦਾ ਨਾਂ ਹੁਣ ਮਾਤਾ ਗੁਜਰੀ ਜੀ ਦਾ ਬੁਰਜ ਹੈ ਅਤੇ ਜਿਥੇ ਸਸਕਾਰ ਹੋਇਆ ਉਸ ਨੂੰ 'ਜੋਤਿ ਸਰੂਪ' ਕਹਿੰਦੇ ਹਨ। ਸਿਆਣੇ ਪੁਰਾਤਨ ਸਿੱਖਾਂ ਨੇ ਮਾਤਾ ਜੀ ਦੀ ਸਮਾਧਿ ਬਾਹਰ ਦਲੀਜ਼ 'ਤੇ ਬਣਾਈ ਤਾਂ ਕਿ ਜੁਗਾਂ ਤਕ ਪ੍ਰਗਟ ਰਵੇ ਕਿ ਅੱਜ ਵੀ ਦਾਦੀ ਪੋਤਰਿਆਂ ਦੀ ਦਲੀਜ਼ 'ਤੇ ਬੈਠ ਕੇ ਰਾਖੀ ਕਰ ਰਹੀ ਹੈ। ਸਸਕਾਰ ਵਾਲੀ ਥਾਂ ਜੇ ਕਰੋੜਾਂ ਦੇ ਹੀਰੇ ਵਿਛਾ ਕੇ ਟੋਡਰ ਮੱਲ ਨੇ ਲਈ ਸੀ ਤਾਂ ਸਭ ਤੋਂ ਕੀਮਤੀ ਵਿਚਾਰ ਵੀ ਉਥੇ ਹੀ ਦਿੱਤਾ ਜਾ ਰਿਹਾ ਹੈ ਕਿ ਦਾਦੀ ਦਾ ਵੀ ਇਹ ਫ਼ਰਜ਼ ਹੈ ਕਿ ਪੋਤਰਿਆਂ ਦੀ ਪਾਲਣਾ ਹੀ ਨਾ ਕਰੇ, ਲਾਡ ਹੀ ਨਾ ਲਡਾਂਦੀ ਰਹੇ, ਸਗੋਂ ਧਰਮ ਦ੍ਰਿੜ੍ਹ ਕਰਾਏ, ਜਿਵੇਂ ਮਾਤਾ ਗੁਜਰੀ ਨੇ ਕਰਾਇਆ।

---

***(ਪੰਨਾ 10 ਦੀ ਬਾਕੀ)***

ਜੁਗਤੀ ਨਹੀਂ ਆ ਸਕਦੀ। ਵਿਕਾਰਾਂ ਅਤੇ ਜਨਮ ਮਰਨ ਤੋਂ ਜੁਗਤੀ ਨਹੀਂ ਆ ਸਕਦੀ। ਵਿਕਾਰਾਂ ਅਤੇ ਜਨਮ ਮਰਨ ਤੋਂ ਮੁਕਤੀ ਪ੍ਰਾਪਤੀ ਕਰਨ ਦਾ ਭੇਤ ਵੀ ਗੁਰੂ ਹੀ ਜੀਵਾਂ ਨੂੰ ਸਮਝਾਉਂਦਾ ਹੈ।

ਅੱਜ ਕਲ੍ਹ ਦੇਹਧਾਰੀ ਗੁਰੂ ਬਾਰੇ ਬੜਾ ਭੁਲੇਖਾ ਹੈ। ਜਣਾ ਖਣਾ ਗੁਰੂ ਬਣਿਆ ਬੈਠਾ ਹੈ। ਪਰ ਤੱਤ ਇਹ ਹੈ ਕਿ ਸਰੀਰ ਕਦੀ ਗੁਰੂ ਨਹੀਂ ਹੋਇਆ। ਗੁਰੂ ਸਦਾ ਹੀ 'ਸ਼ਬਦ-ਜੋਤਿ' ਰਹੀ ਹੈ। ਸਰੀਰ ਸਦੀਵੀ ਨਹੀਂ, ਬਿਨਸਣਹਾਰ ਹੈ। 'ਸ਼ਬਦ-ਜੋਤਿ' ਸਦਾ ਅਮਰ ਤੇ ਅਟੱਲ ਹੈ। ਮੌਸਮੀ ਦੇਹਧਾਰੀ ਗੁਰੂ ਅੱਜ ਹੀ ਪੈਦਾ ਨਹੀਂ ਹੋਏ, ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸਮੇਂ ਵੀ ਲਾਲਚ-ਅਧੀਨ ਬਾਬੇ ਬਕਾਲੇ ਮੰਜੀਆਂ ਲਾ ਕੇ ਕੂੜ ਦੇਰ ਤਕ ਪਰਪੰਚ ਰਚਾਈ ਰੱਖਿਆ। ਪਰ ਕੂੜ ਦੀ ਖੇਡ ਜ਼ਿਆਦਾ ਦੇਰ ਤਕ ਨਹੀਂ ਚਲ ਸਕਦੀ, ਦੰਭੀ ਅੰਤ ਨੂੰ ਸਫ਼ ਵਲੇਟ ਗਏ। ਗੁਰੂ ਜੋਤਿ (ਸ਼ਬਦ-ਬ੍ਰਹਮ) ਇਕ-ਰਸ ਪ੍ਰਕਾਸ਼ ਬਖ਼ਸ਼ਦੀ ਚਲੀ ਆ ਰਹੀ ਹੈ। ਜਿਥੇ ਸੰਸਾਰ ਦਾ ਸਭ ਕੁਝ ਨਾਸ਼ਮਾਨ ਹੈ, ਉਥੇ ਕੇਵਲ ਨਾਮ ਦੀ ਸਾਧਨਾ ਕਰਨ ਵਾਲੇ ਗੁਰਮੁਖ ਸਾਧੂ ਅਤੇ ਗੋਬਿੰਦ ਰੂਪ ਗੁਰੂ ਪਾਤਸ਼ਾਹ ਹੀ ਕੇਵਲ ਸਥਿਰ ਹਨ।

# ਸਾਹਿਬਜ਼ਾਦਿਆਂ ਦੀ ਸ਼ਹਾਦਤ

*[ਪ੍ਰੋ. ਕਿਰਪਾਲ ਸਿੰਘ ਬਡੂੰਗਰ, ਸਾਬਕਾ ਪ੍ਰਧਾਨ, ਸ਼੍ਰੋ. ਗੁ. ਪ੍ਰ. ਕਮੇਟੀ, ਸ੍ਰੀ ਅੰਮ੍ਰਿਤਸਰ]*

ਗੁਰੂ ਗੋਬਿੰਦ ਸਿੰਘ ਜੀ ਦੇ ਚਾਰੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੁਨੀਆ ਦੇ ਇਤਿਹਾਸ ਵਿਚ ਸਭ ਤੋਂ ਵੱਧ ਦਰਦਨਾਕ ਘਟਨਾ ਅਤੇ ਦਿਲ ਨੂੰ ਕੰਬਾ ਦੇਣ ਵਾਲਾ ਘੋਰ ਪਾਪ ਦਾ ਸਾਕਾ ਹੈ। ਇਕ ਪਾਸੇ ਇਹ ਘਟਨਾ ਮਨੁੱਖੀ ਦਰਿੰਦਗੀ ਦਾ ਘਿਨਾਉਣਾ ਚਿੱਤਰ ਪੇਸ਼ ਕਰਦੀ ਹੈ, ਦੂਜੇ ਪਾਸੇ ਸਾਹਿਬਜ਼ਾਦਿਆਂ ਦੇ ਅੰਦਰ ਜੂਝ ਮਰਨ ਅਤੇ ਸਿੱਖੀ ਸਿਦਕ ਦੀ ਭਾਵਨਾ ਦੇ ਸਿਖਰ ਨੂੰ ਪ੍ਰਗਟ ਕਰਦੀ ਹੈ। ੨੨ ਦਸੰਬਰ ਅਤੇ ੨੭ ਦਸੰਬਰ, ੧੭੦੪ ਨੂੰ ਗੁਰੂ ਜੀ ਦੇ ਦੋ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ (੧੭ ਸਾਲ) ਅਤੇ ਬਾਬਾ ਜੁਝਾਰ ਸਿੰਘ (੧੩ ਸਾਲ) ਚਮਕੌਰ ਦੀ ਜੰਗ ਵਿਚ ਲੜਦੇ ਹੋਏ ਸ਼ਹੀਦ ਹੋ ਗਏ ਅਤੇ ਦੋ ਛੋਟੇ ਸਾਹਿਬਜ਼ਾਦੇ ਜ਼ੋਰਾਵਰ ਸਿੰਘ (੮ ਸਾਲ) ਅਤੇ ਬਾਬਾ ਫਤਹਿ ਸਿੰਘ (੫ ਸਾਲ) ਸੂਬਾ ਸਰਹੰਦ ਦੀ ਕੈਦ ਵਿਚ ਸ਼ਹੀਦ ਕਰ ਦਿੱਤੇ ਗਏ। ਇਸ ਸ਼ਹਾਦਤ ਦੀ ਮਹਾਨਤਾ ਬਾਰੇ ਮੈਥਿਲੀ ਸ਼ਰਣ ਗੁਪਤ ਨੇ ਲਿਖਿਆ ਹੈ :

***ਜਿਸ ਕੁਲ ਜਾਤੀ ਦੇਸ ਕੇ ਬੱਚੇ, ਦੇ ਸਕਤੇ ਹੈਂ ਯੋਂ ਬਲੀਦਾਨ।***
***ਉਸ ਕਾ ਵਰਤਮਾਨ ਕੁਛ ਭੀ ਹੋ, ਭਵਿਸ਼ਯ ਹੈ ਮਹਾਂ ਮਹਾਨ।***

ਗੁਰਮਤਿ ਅਨੁਸਾਰ ਅਧਿਆਤਮਕ ਅਨੰਦ ਦੀ ਪ੍ਰਾਪਤੀ ਲਈ ਮਨੁੱਖ ਨੂੰ ਆਪਾ ਮਿਟਾਉਣ ਦੀ ਲੋੜ ਹੁੰਦੀ ਹੈ। ਇਹ ਮਾਰਗ ਇਕ ਮਹਾਨ ਸੂਰਮਗਤੀ ਦਾ ਕਾਰਜ ਹੈ। ਸਿੱਖ ਧਰਮ ਦੀ ਨੀਂਹ ਰੱਖਣ ਵਾਲੇ ਪਹਿਲੇ ਪਾਤਿਸ਼ਾਹ ਗੁਰੂ ਨਾਨਕ ਦੇਵ ਜੀ ਨੇ ਸਿੱਖੀ ਮਾਰਗ 'ਤੇ ਚੱਲਣ ਵਾਲੀ ਸਿਰ ਭੇਟ ਕਰਨ ਦੀ ਸ਼ਰਤ ਰੱਖੀ ਸੀ। ਇਸੇ ਲੀਹ 'ਤੇ ਤੁਰਦਿਆਂ ਗੁਰੂ ਗੋਬਿੰਦ ਸਿੰਘ ਜੀ ਨੇ ੧੬੯੯ ਈ: ਵਿਚ ਖ਼ਾਲਸੇ ਦੀ ਸਾਜਨਾ ਕੀਤੀ। ਖ਼ਾਲਸਾ ਇਕ ਆਦਰਸ਼ਕ, ਸੰਪੂਰਨ ਅਤੇ ਸੁਤੰਤਰ ਮਨੁੱਖ ਹੈ, ਜਿਸ ਨੂੰ ਗੁਰਬਾਣੀ ਵਿਚ ਸਚਿਆਰ, ਗੁਰਮੁਖ ਅਤੇ ਗਿਆਨੀ ਕਿਹਾ ਗਿਆ ਹੈ। ਖ਼ਾਲਸਾ ਗੁਰੂ ਨੂੰ ਤਨ-ਮਨ-ਧਨ ਸੌਂਪ ਦਿੰਦਾ ਹੈ ਤੇ ਜਬਰ ਜ਼ੁਲਮ ਦੇ ਟਾਕਰੇ ਲਈ ਜੂਝ ਮਰਨ ਤੋਂ ਝਿਜਕਦਾ ਨਹੀਂ ਹੈ :

***ਜਉ ਤਉ ਪ੍ਰੇਮ ਖੇਲਣ ਕਾ ਚਾਉ ॥***
***ਸਿਰੁ ਧਰਿ ਤਲੀ ਗਲੀ ਮੇਰੀ ਆਉ॥***
***ਇਤੁ ਮਾਰਗਿ ਪੈਰੁ ਧਰੀਜੈ ॥***
***ਸਿਰੁ ਦੀਜੈ ਕਾਣਿ ਨ ਕੀਜੈ ॥੨੦॥***
***(ਸਲੋਕ ਮ: ੧, ਪੰਨਾ ੧੪੧੨)***

***ਅਰੁ ਸਿਖ ਹੋਂ ਆਪਨੇ ਹੀ ਮਨ ਕੌ,***
***ਇਹ ਲਾਲਚ ਹਉ ਗੁਨ ਤਉ ਉਚਰੋਂ॥***
***ਜਬ ਆਵ ਕੀ ਅਉਧ ਨਿਧਾਨ ਬਨੈ,***
***ਅਤ ਹੀ ਰਨ ਮੈ ਤਬ ਜੂਝ ਮਰੋਂ ॥ (ਦਸਮ ਗ੍ਰੰਥ)***

ਮੁਗਲ ਸ਼ਾਸਨ ਦੇ ਨਾਲ-ਨਾਲ ਹਿੰਦੂ ਕੱਟੜਵਾਦ ਵੀ ਖ਼ਾਲਸੇ ਦੇ ਸਿਧਾਂਤ ਅਤੇ ਸਰੂਪ ਤੋਂ ਅਪ੍ਰਸੰਨ ਸੀ। ਇਸ ਲਈ ਪਹਾੜੀ ਰਾਜਿਆਂ ਅਤੇ ਹੋਰ ਉੱਚ ਜਾਤੀ ਹਿੰਦੂ ਸਮਾਜ ਵੱਲੋਂ ਖ਼ਾਲਸੇ ਦੀ ਸਾਜਨਾ ਦਾ ਵਿਰੋਧ ਕੀਤਾ ਗਿਆ ਸੀ। ਕਈ ਥਾਵਾਂ 'ਤੇ ਹਿੰਦੂਆਂ ਤੇ ਸਿੱਖਾਂ ਵਿਚ ਤਣਾਅ ਵੀ ਪੈਦਾ ਹੋ ਗਿਆ ਸੀ । ਪਹਾੜੀ ਰਾਜੇ ਤੇ ਸੂਬਾ ਸਰਹੰਦ ਗੁਰੂ ਜੀ ਦੇ ਵਿਰੁੱਧ ਇਕ ਜੁੱਟ ਹੋ ਗਏ ਸਨ। ੧੭੦੪ ਈ: ਵਿਚ ਦੋਵੇਂ ਫ਼ੌਜਾਂ ਨੇ ਰਲ ਕੇ ਅਨੰਦਪੁਰ ਸਾਹਿਬ ਨੂੰ ਘੇਰਾ ਪਾ ਲਿਆ। ਘੇਰਾ ਲੰਮਾ ਹੋਣ ਤੇ ਦੁਸ਼ਮਣ ਵੱਲੋਂ ਗੁਰੂ ਜੀ ਨਾਲ ਸਮਝੌਤਾ ਕੀਤਾ ਗਿਆ। ਸਮਝੌਤੇ ਦੀ ਸ਼ਰਤ ਇਹ ਸੀ ਕਿ ਇਕ ਵਾਰ ਗੁਰੂ ਜੀ ਅਨੰਦਪੁਰ ਸਾਹਿਬ ਛੱਡ ਦੇਣ, ਉਨ੍ਹਾਂ ਨੂੰ ਬੇਰੋਕ ਜਾਣ ਦਿੱਤਾ ਜਾਵੇਗਾ। ਇਸ ਬਾਰੇ ਲਿਖਤੀ ਕਸਮਾਂ ਵੀ ਗੁਰੂ ਜੀ ਨੂੰ ਭੇਜੀਆਂ ਗਈਆਂ ਜਿਸਦਾ ਗੁਰੂ ਜੀ ਨੇ ਜ਼ਫ਼ਰਨਾਮੇ ਵਿਚ ਵੀ ਜ਼ਿਕਰ ਕੀਤਾ ਹੈ ਕਿ ਜੇ ਤੂੰ ਕੁਰਾਨ ਦੀਆਂ ਲਿਖਤੀ ਕਸਮਾਂ ਵੇਖਣਾ ਚਾਹੁੰਦਾ ਹੈਂ ਤਾਂ ਉਹ ਵੀ ਮੈਂ ਤੈਨੂੰ ਭੇਜ ਸਕਦਾ ਹਾਂ :

***ਤੁਰਾ ਗਰ ਬ ਬਾਯਦ ਆਂ ਕਉਲੇ ਕੁਰਾਂ।***
***ਬਨਿਜ਼ਦੇ ਸ਼ੁਮਾ ਰਾ ਰਸਾਨਮ ਹੁਮਾਂ। (ਜ਼ਫ਼ਰਨਾਮਾ)***

ਗੁਰੂ ਜੀ ਦੇ ਕਿਲ੍ਹਾ ਖ਼ਾਲੀ ਕਰਕੇ ਜਾਣ 'ਤੇ ਦੁਸ਼ਮਣ ਨੇ ਸਾਰੀਆਂ ਕਸਮਾਂ ਤੋੜ ਕੇ ਉਨ੍ਹਾਂ ਦਾ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ। ਸਰਸਾ ਨਦੀ ਦੇ ਨੇੜੇ ਪਹੁੰਚਦਿਆਂ ਗਹਿਗੱਚ ਲੜਾਈ ਹੋਈ, ਜਿਸ ਦੌਰਾਨ ਗੁਰੂ ਜੀ ਦੇ ਦੋ ਛੋਟੇ ਸਾਹਿਬਜ਼ਾਦੇ ਤੇ ਮਾਤਾ ਗੁਜਰੀ ਜੀ ਵਹੀਰ ਤੋਂ ਵੱਖ ਹੋ ਗਏ। ਗੁਰੂ ਜੀ ਨੇ ਇਕ ਦਿਨ ਰੋਪੜ ਦੇ ਕੋਲ ਨਿਹੰਗ

ਖ਼ਾਨ ਦੀ ਗੜ੍ਹੀ ਵਿਚ ਬਿਤਾਇਆ। ਰਾਤ ਨੂੰ ਅੱਗੇ ਚੱਲ ਪਏ, ਪਰ ਦੁਸ਼ਮਣ ਦੀਆਂ ਫ਼ੌਜਾਂ ਨੇ ਵੀ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ। ਗੁਰੂ ਜੀ ਨੇ ਚਮਕੌਰ ਦੀ ਗੜ੍ਹੀ ਵਿਚ ਦਾਖ਼ਲ ਹੋ ਕੇ ਮੋਰਚਾਬੰਦੀ ਕਰ ਲਈ। ਗੁਰੂ ਜੀ ਦੇ ਨਾਲ ਦੋ ਵੱਡੇ ਸਾਹਿਬਜ਼ਾਦੇ ਤੇ ਪੰਜ ਪਿਆਰਿਆਂ ਸਮੇਤ ੪੦ ਕੁ ਸਿੱਖ ਸਨ। ਦੁਸ਼ਮਣ ਦੀ ਦਸ ਲੱਖ ਫ਼ੌਜ ਨੇ ਗੜ੍ਹੀ ਨੂੰ ਘੇਰਾ ਪਾ ਲਿਆ। ਸਾਰਾ ਦਿਨ ਲੜਾਈ ਹੁੰਦੀ ਰਹੀ । ਸ਼ਾਮ ਤਕ ਗੁਰੂ ਜੀ ਕੋਲ ਸਾਰਾ ਗੋਲੀ ਸਿੱਕਾ ਖ਼ਤਮ ਹੋ ਗਿਆ। ਹੁਣ ਸਿੰਘਾਂ ਨੇ ਗੜ੍ਹੀ ਤੋਂ ਬਾਹਰ ਆ ਕੇ ਲੜਨਾ ਸ਼ੁਰੂ ਕਰ ਦਿੱਤਾ। ਸਿੰਘਾਂ ਦੇ ਨਾਲ ਗੁਰੂ ਜੀ ਦੇ ਦੋਵੇਂ ਸਾਹਿਬਜ਼ਾਦੇ ਗੁਰੂ ਜੀ ਦੇ ਸਾਹਮਣੇ ਲੜਦੇ ਹੋਏ ਸ਼ਹੀਦ ਹੋ ਗਏ। ਬਾਬਾ ਅਜੀਤ ਸਿੰਘ ਨੇ ਅਜੇ ਜਵਾਨੀ ਵਿਚ ਪੈਰ ਰੱਖਿਆ ਹੀ ਸੀ। ਬਾਬਾ ਜੁਝਾਰ ਸਿੰਘ ਤਾਂ ਅਜੇ ਕਿਸ਼ੋਰ ਅਵਸਥਾ ਵਿਚ ਸਨ। ਕਰਬਲਾ ਦੇ ਮੈਦਾਨ ਵਿਚ ਹਸਨ ਹੁਸੈਨ ਦੀ ਸ਼ਹੀਦੀ ਤੋਂ ਇਲਾਵਾ ਦੁਨੀਆ ਦੇ ਇਤਿਹਾਸ ਵਿਚ ਇਸ ਤਰ੍ਹਾਂ ਦੀ ਕੋਈ ਹੋਰ ਮਿਸਾਲ ਨਹੀਂ ਮਿਲਦੀ, ਜਿਥੇ ਇਕ ਪਿਤਾ ਨੇ ਆਪਣੇ ਪੁੱਤਰਾਂ ਨੂੰ ਲੜਾਈ ਵਿਚ ਸ਼ਹੀਦ ਹੋਣ ਲਈ ਭੇਜਿਆ ਹੋਵੇ। ਕਰਬਲਾ ਦੀ ਜੰਗ ਅਤੇ ਚਮਕੌਰ ਦੀ ਜੰਗ ਵਿਚ ਇਕ ਵੱਡਾ ਅੰਤਰ ਸੀ। ਕਰਬਲਾ ਦੀ ਜੰਗ ਵਿਚ ਦੋਵੇਂ ਫ਼ੌਜਾਂ ਬਰਾਬਰ ਦੀਆਂ ਸਨ। ਇਸ ਦੇ ਮੁਕਾਬਲੇ 'ਤੇ ਚਮਕੌਰ ਦੀ ਜੰਗ ਦੁਨੀਆ ਦੀ ਸਭ ਤੋਂ ਵੱਧ ਅਸਾਵੀਂ ਜੰਗ ਸੀ। ਇਸ ਤਰ੍ਹਾਂ ਦੀਆਂ ਅਸਾਵੀਂ ਜੰਗ ਦੀਆਂ ਮਿਸਾਲਾਂ ਸਿੱਖ ਇਤਿਹਾਸ ਵਿਚ ਤਾਂ ਕੁਝ ਹੋਰ ਵੀ ਮਿਲਦੀਆਂ ਹਨ, ਪਰ ਬਾਕੀ ਕੌਮਾਂ ਦੇ ਇਤਿਹਾਸ ਵਿਚ ਸ਼ਾਇਦ ਨਹੀਂ ਦੇ ਬਰਾਬਰ ਹਨ। ਇਸ ਜੰਗ ਦਾ ਜ਼ਿਕਰ ਕਰਦਿਆਂ ਗੁਰੂ ਗੋਬਿੰਦ ਸਿੰਘ ਜੀ ਨੇ ਲਿਖਿਆ ਹੈ ਕਿ ਭੁੱਖੇ ਭਾਣੇ ੪੦ ਆਦਮੀ ਕੀ ਕਰ ਸਕਦੇ ਹਨ, ਜੇ ਉਨ੍ਹਾਂ 'ਤੇ ੧੦ ਲੱਖ ਦਾ ਲਸ਼ਕਰ ਅਚਾਨਕ ਟੁੱਟ ਪਵੇ :

***ਗੁਰਸਨ: ਚਿ ਕਾਰਿ ਕੁਨਦ ਚਿਹਲ ਨਰ।***
***ਕਿ ਦਹਲਕ ਬਰਾਯਦ ਬਰੋ ਬੇਖਬਰ।*** ***(ਜ਼ਫ਼ਰਨਾਮਾ)***

ਮਾਤਾ ਗੁਜਰੀ ਜੀ ਅਤੇ ਦੋਵੇਂ ਛੋਟੇ ਸਾਹਿਬਜ਼ਾਦਿਆਂ ਨੂੰ ਗੁਰੂ-ਘਰ ਦਾ ਰਸੋਈਆ ਗੰਗੂ ਬ੍ਰਾਹਮਣ ਮਿਲ ਗਿਆ। ਇਹ ਉਨ੍ਹਾਂ ਨੂੰ ਮੋਰਿੰਡੇ ਕੋਲ ਪਿੰਡ ਸਹੇੜੀ ਆਪਣੇ ਘਰ ਲੈ ਗਿਆ। ਘਰ ਜਾ ਕੇ ਗੰਗੂ ਦਾ ਮਨ ਬੇਈਮਾਨ ਹੋ ਗਿਆ। ਉਸ ਨੇ ਮੋਰਿੰਡੇ ਦੇ ਥਾਣੇਦਾਰ ਨੂੰ ਖ਼ਬਰ ਦੇ ਕੇ ਬੱਚਿਆਂ ਨੂੰ ਫੜਾ ਦਿੱਤਾ। ਮੋਰਿੰਡੇ ਦੇ ਥਾਣੇਦਾਰ ਨੇ ਮਾਤਾ ਜੀ ਤੇ ਬੱਚਿਆਂ ਨੂੰ ਗ੍ਰਿਫ਼ਤਾਰ ਕਰ ਕੇ ੨੩ ਦਸੰਬਰ, ੧੭੦੪ ਨੂੰ ਸੂਬਾ ਸਰਹੰਦ ਦੇ ਹਵਾਲੇ ਕਰ ਦਿੱਤਾ। ਉਸ ਰਾਤ ਉਨ੍ਹਾਂ ਨੂੰ ਕਿਲ੍ਹੇ ਦੇ ਠੰਢੇ ਬੁਰਜ ਵਿਚ ਰੱਖਿਆ ਗਿਆ। ਦੂਜੇ ਦਿਨ ਬੱਚਿਆਂ ਨੂੰ ਸੂਬਾ ਸਰਹੰਦ ਦੀ ਕਚਹਿਰੀ ਵਿਚ ਪੇਸ਼ ਕੀਤਾ ਗਿਆ। ਕਚਹਿਰੀ ਵਿਚ ਬੱਚਿਆਂ ਨੂੰ ਦੀਨ ਕਬੂਲ ਕਰਨ ਲਈ ਲਾਲਚ ਦੇਣ ਤੇ ਡਰਾਉਣ-ਧਮਕਾਉਣ ਦੇ ਯਤਨ ਕੀਤੇ ਗਏ। ਉਨ੍ਹਾਂ ਨੂੰ ਝੂਠ ਵੀ ਬੋਲਿਆ ਗਿਆ ਕਿ ਤੁਹਾਡਾ ਪਿਤਾ ਮਾਰਿਆ ਗਿਆ ਹੈ, ਹੁਣ ਤੁਸੀਂ ਕਿਥੇ ਜਾਓਗੇ। ਬੱਚਿਆਂ ਨੇ ਸੂਬਾ ਸਰਹੰਦ ਨੂੰ ਆਪਣਾ ਧਰਮ ਛੱਡਣ ਤੋਂ ਦਲੇਰੀ ਨਾਲ ਇਨਕਾਰ ਕਰ ਦਿੱਤਾ। ਵਜ਼ੀਰ ਖ਼ਾਨ ਨੇ ਕਾਜ਼ੀ ਦੀ ਰਾਇ ਲਈ ਕਿ ਇਨ੍ਹਾਂ ਬੱਚਿਆਂ ਨੂੰ ਕੀ ਸਜ਼ਾ ਦਿੱਤੀ ਜਾ ਸਕਦੀ ਹੈ। ਕਾਜ਼ੀ ਨੇ ਕਿਹਾ ਕਿ ਇਸਲਾਮ ਵਿਚ ਬੱਚਿਆਂ ਨੂੰ ਸਜ਼ਾ ਦੇਣ ਦੀ ਇਜਾਜ਼ਤ ਨਹੀਂ ਹੈ। ਵਜ਼ੀਰ ਖ਼ਾਨ ਵੀ ਕਿਸੇ ਹੱਦ ਤਕ ਬੱਚਿਆਂ ਦਾ ਕਤਲ ਆਪਣੇ ਮੱਥੇ 'ਤੇ ਲਾਉਣ ਤੋਂ ਬਚਣਾ ਚਾਹੁੰਦਾ ਸੀ। ਹੁਣ ਉਸਨੇ ਨਵਾਬ ਮਲੇਰਕੋਟਲਾ ਨੂੰ ਕਿਹਾ ਕਿ ਉਹ ਚਾਹੇ ਤਾਂ ਆਪਣੀ ਮਰਜ਼ੀ ਅਨੁਸਾਰ ਇਨ੍ਹਾਂ ਬੱਚਿਆਂ ਨੂੰ ਸਜ਼ਾ ਦੇ ਕੇ ਆਪਣੇ ਭਰਾ ਦਾ ਬਦਲਾ ਲੈ ਸਕਦਾ ਹੈ। ਸ਼ੇਰ ਖ਼ਾਨ ਨੇ ਅੱਗੋਂ ਕਿਹਾ ਕਿ ਮੇਰਾ ਭਰਾ ਜੰਗ ਵਿਚ ਮਾਰਿਆ ਗਿਆ ਸੀ, ਮੈਂ ਇਨ੍ਹਾਂ ਸ਼ੀਰ-ਖੋਰਾਂ ਤੋਂ ਕੋਈ ਬਦਲਾ ਨਹੀਂ ਲੈਣਾ ਚਾਹੁੰਦਾ। ਅੱਲ੍ਹਾ ਯਾਰ ਖਾਂ ਜੋਗੀ ਦੇ ਸ਼ਬਦਾਂ ਵਿਚ :

***ਬਦਲਾ ਹੀ ਲੇਨਾ ਹੋਗਾ ਤੋ ਲੇਂਗੇ ਬਾਪ ਸੇ।***
***ਨੇ ਮਹਿਫੂਜ਼ ਰਖੇ ਹਮ ਕੋ ਖ਼ੁਦਾ ਐਸੇ ਪਾਪ ਸੇ।***

ਕਾਜ਼ੀ ਅਤੇ ਸ਼ੇਰ ਖ਼ਾਨ ਦੇ ਇਸੇ ਤਰ੍ਹਾਂ ਦੇ ਰਵੱਈਏ ਨੂੰ ਵੇਖਦੇ ਹੋਏ ਵਜ਼ੀਰ ਖ਼ਾਨ ਦੇ ਮਨ ਵਿਚ ਨਰਮੀ ਆਉਣ ਲੱਗੀ ਸੀ, ਪਰ ਦੀਵਾਨ ਸੁੱਚਾ ਨੰਦ ਇਹ ਨਹੀਂ ਸੀ ਚਾਹੁੰਦਾ ਕਿ ਸਾਹਿਬਜ਼ਾਦਿਆਂ ਨੂੰ ਛੱਡਿਆ ਜਾਵੇ । ਇਤਿਹਾਸਕ ਹਵਾਲਿਆਂ ਅਨੁਸਾਰ ਉਸਨੇ ਇਕ ਸ਼ੈਤਾਨ ਵਾਂਗ ਸਾਹਿਬਜ਼ਾਦਿਆਂ ਨੂੰ ਕੁਝ ਅਜਿਹੇ ਪ੍ਰਸ਼ਨ ਕੀਤੇ ਜਿਨ੍ਹਾਂ ਦੇ ਉੱਤਰਾਂ ਤੋਂ ਉਨ੍ਹਾਂ ਨੂੰ ਬਾਗੀ ਸਿੱਧ ਕੀਤਾ। ਉਸਨੇ ਵਜ਼ੀਰ ਖ਼ਾਨ ਨੂੰ ਵੀ ਉਕਸਾਇਆ ਕਿ ਇਨ੍ਹਾਂ ਬੱਚਿਆਂ ਨੂੰ ਛੱਡਣਾ ਸਿਆਣਪ ਨਹੀਂ ਹੋਵੇਗੀ। ਵਜ਼ੀਰ ਖ਼ਾਨ ਨੇ ਕਾਜ਼ੀ ਤੋਂ ਫਿਰ ਪੁੱਛਿਆ। ਇਸ ਵਾਰ ਕਾਜ਼ੀ ਨੇ ਮਾਲਕਾਂ ਦੀ ਮਰਜ਼ੀ ਅਨੁਸਾਰ ਬੱਚਿਆਂ ਨੂੰ ਕੰਧਾਂ ਵਿਚ ਚਿਣੇ ਜਾਣ ਦਾ ਫ਼ਤਵਾ ਦੇ ਦਿੱਤਾ। ਬੱਚਿਆਂ ਨੂੰ ਕੰਧਾਂ ਵਿਚ ਚਿਣਿਆ ਗਿਆ। ਕੰਧ ਜਦੋਂ ਮੋਢਿਆਂ ਤਕ ਆਈ ਤਾਂ ਗਿਰ ਗਈ ਸੀ। ਬੱਚਿਆਂ ਦੇ ਫੁੱਲਾਂ ਵਰਗੇ ਸਰੀਰ ਇਸ ਚੋਟ ਨੂੰ ਨਾ ਸਹਾਰਦੇ ਹੋਏ ਬੇਹੋਸ਼ ਹੋ ਗਏ ਸਨ। ਇਸ ਤੋਂ ਬਾਅਦ ੨੭ ਦਸੰਬਰ ਨੂੰ ਬੱਚਿਆਂ ਨੂੰ ਕਚਹਿਰੀ ਵਿਚ ਫਿਰ ਪੇਸ਼ ਕੀਤਾ ਗਿਆ। ਉਨ੍ਹਾਂ 'ਤੇ ਫਿਰ ਦੀਨ ਕਬੂਲਣ ਲਈ ਦਬਾਅ ਪਾਇਆ ਗਿਆ, ਪਰ ਸਾਹਿਬਜ਼ਾਦਿਆਂ ਨੇ ਇਸ ਦਾ ਸਖ਼ਤ ਵਿਰੋਧ ਕੀਤਾ। ਉਨ੍ਹਾਂ ਦੇ ਸਿਰ 'ਤੇ ਦਸ ਪਾਤਿਸ਼ਾਹੀਆਂ ਦੇ ਮਹਾਨ ਕਾਰਜਾਂ ਦੀ ਜ਼ਿੰਮੇਵਾਰੀ ਦਾ ਭਾਰ ਆ ਪਿਆ ਸੀ। ਉਹ ਇਸ ਨੂੰ ਹੇਠਾਂ ਨਹੀਂ ਗਿਰਾਉਣਾ ਚਾਹੁੰਦੇ ਸਨ। ਉਨ੍ਹਾਂ ਨੇ ਆਪਣੇ ਦਾਦੇ ਦੀ ਤਰ੍ਹਾਂ ਸ਼ਹੀਦੀ ਪਾਉਣ ਦਾ ਪ੍ਰਣ ਕਰ ਲਿਆ। ਭਾਈ ਦੁੱਨਾ ਸਿੰਘ ਹੰਡੂਰੀਆ, ਜੋ ਚਮਕੌਰ ਸਾਹਿਬ ਤਕ ਗੁਰੂ ਜੀ ਦੇ ਨਾਲ ਸੀ, ਇਸ ਤਰ੍ਹਾਂ ਲਿਖਦਾ ਹੈ :

***(ਬਾਕੀ ਪੰਨਾ 20 'ਤੇ)***

# ਕੇਸ ਰੱਖਣੇ - ਇਹ ਅਸਾਡੀ ਮੋਹਰ ਹੈ

*[ਭਾਈ ਦਵਿੰਦਰ ਸਿੰਘ ਜੀ, ਡੀ. ਐਸ. ਪੀ., ਜਗਾਧਰੀ]*

1699 ਈ. ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਆਪਣੇ ਹਸਤਾਖਰਾਂ ਹੇਠ ਹੁਕਮਨਾਮਾ ਜਾਰੀ ਹੋਇਆ, ਜਿਸ ਵਿੱਚ ਅੰਮ੍ਰਿਤ ਛੱਕਣ ਤੇ ਹੋਰ ਮਰਯਾਦਾ ਨਾਲ ਗੁਰੂ ਜੀ ਨੇ ਖਾਸ ਕਿਹਾ, 'ਕੇਸ ਰੱਖਣੇ - ਇਹ ਅਸਾਡੀ ਮੋਹਰ ਹੈ'। ਇਕ ਵਿਅਕਤੀ ਕੇਸਾਂ ਦੀ ਮੋਹਰ ਨਾਲ ਹੀ ਅੰਮ੍ਰਿਤ ਛੱਕ ਕੇ ਗੁਰੂ ਦਾ ਸਿੰਘ ਕਹਾਵਣ ਯੋਗ ਹੈ ਸਕਦਾ ਹੈ। ਧੰਨ ਗੁਰੂ ਗੋਬਿੰਦ ਸਿੰਘ ਜੀ ਕੇਸਾਂ ਦਾ ਬਹੁਤ ਸਤਿਕਾਰ ਕਰਦੇ ਸਨ।ਗੁਰੂ ਜੀ ਚਮਕੌਰ ਸਾਹਿਬ ਦੀ ਜੰਗ ਵੇਲੇ ਪੰਜਾਂ ਸਿੰਘਾਂ ਦੇ ਹੁਕਮ ਕਰਨ ਤੇ ਗੁਰੂ ਜੀ ਮੰਨ ਗਏ ਫਿਰ ਪੈਰਾਂ ਤੋਂ ਜੋੜਾ ਉਤਾਰਿਆ, ਸਿੰਘਾਂ ਕਹਿਆ ਬਾਹਰ ਠੰਢ ਹੈ, ਰਸਤਾ ਕੰਡਿਆਂ ਵਾਲਾ ਹੈ, ਗੁਰੂ ਜੀ ਨੇ ਉੱਤਰ ਦਿੱਤਾ ਕਿ ਰਸਤੇ ਵਿੱਚ ਮੇਰੇ ਪਿਆਰੇ ਸਿੰਘ ਜਿਹੜੇ ਸ਼ਹੀਦ ਹੋ ਗਏ ਹਨ ਕਿਸੇ ਦੇ ਜੰਗ ਕਰਦਿਆਂ ਕਿਤੇ ਕੇਸ ਮੇਰੀ ਜੁੱਤੀ ਥਲੇ ਨਾ ਆ ਜਾਣ, ਸਤਿਕਾਰ ਵਜੋਂ ਲਾਹੇ ਹਨ। ਕਕਾਰ ਧਾਰਨ ਕਰਨਾ ਤੇ ਕੇਸਾਂ ਸੰਗ ਜਿੰਦਗੀ ਜੀਉਣੀ ਭਗਤੀ ਹੈ। ਕੇਵਲ ਗੁਰੂ ਜੀ ਦਾ ਸਿੰਘ ਹੀ ਇਸ ਕਕਾਰ ਨੂੰ ਸਾਂਭ ਸਕਦਾ ਹੈ। ਨਿਗੁਰੇ ਲੋਕ ਢਕੋਸਲੇ ਕਰਦੇ ਹਨ। ਜਿਨ੍ਹਾਂ ਸਿੰਘਾਂ ਨੇ ਕੇਸਾਂ ਦੀ ਖਾਤਰ ਖੋਪਰੀ ਅਤੇ ਸ਼ਹੀਦੀਆਂ ਪਾਈਆਂ ਸਨ, ਉਨ੍ਹਾਂ ਦਾ ਹਰ ਰੋਜ ਅਸੀਂ ਅਰਦਾਸ ਵਿੱਚ ਚੇਤਾ ਵੀ ਕਰਦੇ ਹਾਂ।

ਜੇ ਮਾਤਾ-ਪਿਤਾ ਪੂਰਨ ਗੁਰਸਿੱਖ ਹਨ, ਅੰਮ੍ਰਿਤਧਾਰੀ ਹਨ, ਸਿੱਖੀ ਵਿੱਚ ਗੁਰੂ ਜੀ ਦੀ ਪੂਰਨ ਬਖਸ਼ਿਸ ਹੈ ਤਾਂ ਬੱਚੇ-ਬੱਚੀਆਂ ਨੂੰ ਘਰ ਤੋਂ ਸਿੱਖੀ ਮਿਲ ਸਕਦੀ ਹੈ, ਪਰ ਉਨ੍ਹਾਂ ਦੀ ਸੰਗਤ ਠੀਕ ਹੋਵੇ ਤਾਂ। ਮੋਡਰਨ ਜਮਾਨਾ ਹੈ ਸਕੂਲਾਂ, ਕਾਲਜਾਂ ਵਿੱਚ ਤਾਂ ਮਹੌਲ ਆਪ ਸਭ ਨੂੰ ਪਤਾ ਹੀ ਹੈ। ਕੇਸਾਂ ਦਾ ਪਿਆਰ ਜਰੂਰੀ ਹੈ। ਅੱਜ-ਕਲ ਫੈਸ਼ਨ ਜਮਾਨੇ ਦਾ ਬੜਾ ਬੋਲਬਾਲਾ ਹੈ, ਪਹਿਲੇ ਕੁਝ ਕੁ 15-20 ਸਾਲ ਕੋਈ ਸਿੱਖ ਬੱਚਾ ਟਾਵਾਂ ਟਾਵਾਂ ਹੀ ਕੇਸ ਕਤਲ ਕਰਦਾ ਸੀ ਹੁਣ ਤਾਂ ਬੇਅੰਤ ਗਿਣਤੀ ਵਿੱਚ ਗੁਰਦੁਆਰੇ ਰੁਮਾਲੀ ਸਿੱਖ ਦੇਖੇ ਜਾ ਸਕਦੇ ਹਨ। ਪਹਿਲੀ ਗਲਤੀ ਬੱਚੇ ਦੀ ਉਨ੍ਹਾਂ ਨੂੰ ਪਤਾ ਹੈ ਕੇਸ ਨਹੀਂ ਕਟਨੇ, ਦੂਜੀ ਮਾਂ-ਪਿਓ ਦੀ, ਤੀਜੀ ਸਾਡੇ ਵਡੇ-ਵਡੇ ਧਾਰਮਿਕ ਮੁਖੀਆਂ, ਪਰਚਾਰਕਾਂ ਦੀ ਜਿਹੜੇ ਇਨ੍ਹਾਂ ਬੱਚਿਆਂ ਦੀ ਜਮਾਤ ਨਹੀਂ ਲਾਉਂਦੇ ਸਭ ਅਵੇਸਲੇ ਹੋ ਗਏ ਹਨ। ਜੋ ਬਹੁਤ ਹੀ ਨੁਕਸਾਨ ਹੋ ਰਿਹਾ ਹੈ ਕਿਉਂਕਿ ਇਨ੍ਹਾਂ ਨੂੰ ਗੁਰੂ ਨਾਲ ਪਿਆਰ ਨਹੀਂ ਰਿਹਾ। ਆਪਾਂ ਵੀ ਦਿਖਾਵੇ ਤਕ ਹੀ ਸੀਮਤ ਹਾਂ। ਅਸੀਂ ਹਰ ਰੋਜ ਦੋਨੋਂ ਵਕਤ ਸਿੱਖਾਂ ਦੀ ਚੜਦੀ ਕਲਾ ਵਾਸਤੇ ਸਿੱਖੀ ਦਾਨ ਵੀ ਮੰਗਦੇ ਹਾਂ ਤੇ ਕੇਸਾਂ ਵਾਸਤੇ ਅਰਜੋਈ ਅਰਦਾਸ ਵੀ ਕਰਦੇ ਹਾਂ। ਜੇ ਸਾਡੇ ਗ੍ਰੰਥੀ ਪ੍ਰਚਾਰਕ ਹਰ ਰੋਜ ਸੇਟੇਜਾਂ ਤੇ ਸੰਗਤ ਵਿੱਚ ਸੱਚੇ ਦਿੱਲੋਂ ਆਪ ਪੱਕੇ ਨਿਤਨੇਮੀ ਹੋ ਕੇ ਹੋਕਾ ਦੇਣ ਤਾਂ ਜਰੂਰ ਹੀ ਅਸਰ ਹੋਏਗਾ। ਜੇ ਗੁ. ਦੀ ਕਮੇਟੀ ਦੇ ਮੈਂਬਰ ਪ੍ਰਧਾਨ ਅੰਮ੍ਰਿਤਧਾਰੀ ਹੋਵਨ ਉਨ੍ਹਾਂ ਦੇ ਪਰੀਵਾਰ ਦੇ ਬੱਚੇ ਬੱਚੀਆਂ ਵੀ ਅੰਮ੍ਰਿਤਧਾਰੀ ਹੋਵਨ ਤਾਂ ਸੰਗਤ ਤੇ ਜਰੂਰ ਪਰ ਜਰੂਰ ਅਸਰ ਹੋਵੇਗਾ। ਸਿੱਖੀ ਲਈ ਕੇਸ ਸਾਬਤ ਸੂਰਤ ਹੋਣਾ ਬਹੁਤ ਜਰੂਰੀ ਹੈ, ਕੇਸਾਂ ਤੋਂ ਬਗੈਰ ਸਿੱਖ ਨਹੀਂ ਅਖਵਾ ਸਕਦਾ। ਗੁਰੂ ਜੀ ਦਾ ਬਾਣੀ ਵਿੱਚ ਵੀ ਹੁਕਮ ਹੈ -

***ਸਾਬਤੁ ਸੂਰਤ ਦਸਤਾਰ ਸਿਰਾ॥ ਪਾ. 5***

ਦਾਸ ਨੂੰ ਕਈ ਸਾਲਾਂ ਤੋਂ ਪੰਜਾਬ ਤੇ ਦੂਜੀਆਂ ਸਟੇਟਾਂ ਵਿੱਚ ਸਮਾਗਮ ਤੇ ਜਾਣ ਦਾ ਮੌਕਾ ਮਿਲਿਆ। ਦੇਖਣ ਵਿੱਚ ਆਇਆ ਪੰਜਾਬ ਤੋਂ ਬਾਹਰ, ਸਿੱਖਾਂ ਨੇ ਸਿੱਖੀ ਸਾਂਭੀ ਹੈ, ਪੂਰਨ ਰੂਪ ਵਿੱਚ ਦਿਖਾਈ ਦਿੰਦੇ ਹਨ ਪਰ ਪੰਜਾਬ ਨੂੰ ਪਤਾ ਨਹੀਂ ਕਿਉਂ ਨਹੀਂ ਸਮਝ ਲਗ ਰਹੀ। ਪਿੰਡਾਂ ਦੇ ਪਿੰਡ ਅਤੇ ਸ਼ਹਿਰਾਂ ਵਿੱਚ ਵੀ ਇਸ ਪਤਿਤ-ਪੁਣੇ ਨੂੰ ਅਪਨਾ ਲਿਆ ਹੈ। ਤੁਸੀਂ ਪੰਜਾਬ ਵਿੱਚ ਦੇਖੋਗੇ ਕਿ ਬਿਹਾਰ ਯੂ.ਪੀ. ਤੋਂ ਬਹੁਤ ਹੀ ਗਿਣਤੀ ਵਿੱਚ ਨਾਈ ਆ ਰਹੇ ਹਨ। ਬਹੁਤ ਵਧੀਆ-ਵਧੀਆ ਸੋਫਾ ਸੈਟ ਅਤੇ ਫਰਨੀਚਰ ਸ਼ੀਸ਼ ਮਹਲ ਵਰਗੀਆਂ ਦੁਕਾਨਾਂ, ਮੋਡਰਨ ਤਰੀਕੇ ਨਾਲ ਬਣਾਈਆਂ ਹੋਈਆਂ ਹਨ। ਮੈਂ ਉਨ੍ਹਾਂ ਨੂੰ ਪੁੱਛਿਆ ਕਿ ਸਿੱਖ ਬੱਚਿਆਂ ਨੂੰ ਅਪਣੇ ਵਾਲ ਜੂੜਾ, ਦਾਹੜੀ ਕਟਵਾਂਦਿਆਂ ਡਰ ਨਹੀਂ ਲਗਦਾ ਹੈ? ਉਨ੍ਹਾਂ ਨੇ ਦੱਸਿਆ ਮਾਂ-ਬਾਪ ਨਾਲ ਆਉਂਦੇ ਸਨ ਲੇਕਿਨ ਹੁਣ ਨਹੀਂ ਆਉਂਦੇ। ਪੰਜਾਬ ਵਿੱਚ ਪਤਿਤ-ਪੁਣੇ ਦਾ ਜੋਰ ਹੈ। ਸ਼ਿਰੋਮਣੀ. ਗੁ. ਪ੍ਰ. ਕਮੇਟੀ ਵੀ ਕੁੱਝ ਨਹੀਂ ਕਰ ਰਹੀ। ਉਨ੍ਹਾਂ ਨੂੰ ਗੋਲਕਾਂ ਅਤੇ ਰਾਜਨੀਤੀਆਂ ਤੋਂ ਵੇਹਲ ਨਹੀਂ, ਹਰ ਰੋਜ ਉਹ ਕਿਸੇ ਨਾ ਕਿਸੇ ਨਵੇਂ ਵਿਵਾਦ

ਵਿੱਚ ਘਿਰੀ ਰਹਿੰਦੀ ਹੈ। ਆਰ.ਐਸ.ਐਸ. ਵੀ ਕਾਫੀ ਸਾਲਾਂ ਤੋਂ ਅਕਾਲੀ ਬਾਦਲ ਦਲ ਨੂੰ ਵੱਰਤ ਕੇ ਹਿੰਦੂ ਰਾਸ਼ਟਰੀ ਦੀ ਗਤੀਵਿਧਿਆਂ ਵਿੱਚ ਸ਼ਾਮਲ ਹੁੰਦੀ ਰਹਿੰਦੀ ਹੈ। ਜਿਹੜੀ ਅੱਜਕਲ ਇਨ੍ਹਾਂ ਦੇ ਪੁਲਿਸ ਨਾਲ ਮਿਲ ਕੇ ਸਾਜਿਸ਼ ਕੀਤੀ ਜਾ ਰਹੀ ਹੈ। ਬੜੀ ਖਤਰਨਾਕ ਚਾਲ ਹੈ, ਸਿੱਖ ਜਗਤ ਨੂੰ ਸਭ ਪਤਾ ਹੈ। ਵਿਸ਼ਾ ਇਹ ਨਹੀਂ ਸੀ ਪਰ ਕੌਮ ਨਾਲ ਜੁੜਿਆ ਵਿਸ਼ਾ ਹੈ ਕੌਮ ਸੁਚੇਤ ਹੋਵੇ 72 ਤੋਂ ਵਧ ਧਾਰਮਿਕ ਪੰਥਕ ਜਥੇਬੰਦੀਆਂ ਹਨ ਜਿਹੜੀਆਂ ਕਿ ਕੇਵਲ ਤੇ ਕੇਵਲ ਪ੍ਰਧਾਨਾਂ ਤਕ ਹੀ ਸੀਮਤ ਰਹਿ ਗਈਆਂ ਹਨ, ਅਤੇ ਸਾਰੀਆਂ ਵਿੱਚ ਆਪੋ-ਧਾਪੀ ਪਈ ਹੋਈ ਹੈ ਅਤੇ ਸਾਰੀਆਂ ਦੇ ਨਾਮ ਵੱਖਰੇ-ਵੱਖਰੇ ਹਨ। ਗੁਰੂ ਜੀ ਕ੍ਰਿਪਾ ਕਰਨ।

---

### (ਪੰਨਾ 18 ਦੀ ਬਾਕੀ)

*ਜ਼ੋਰਾਵਰ ਸਿੰਘ ਐਸੇ ਭਨੈ। ਕਿਉਂ ਭਾਈ!*
*ਅਬ ਕਿਉਂ ਕਰ ਬਨੈ।*
*ਤੇ ਸਿੰਘ ਤਬ ਕਹਯੋ ਬਖਾਨ।*
*'ਦਸ ਪਾਤਸ਼ਾਹੀ ਹੋਵਹਿ ਹਾਨ।*

*(ਕਥਾ ਗੁਰੂ ਕੇ ਸੁਤਨ ਕੀ)*

ਹੁਣ ਬੱਚਿਆਂ ਨੂੰ ਜ਼ਿਬਹ ਕਰਨ ਦਾ ਹੁਕਮ ਸੁਣਾਇਆ ਗਿਆ। ਦੋ ਜੱਲਾਦਾਂ ਨੇ ਦੋਵੇਂ ਬੱਚਿਆਂ ਨੂੰ ਗੋਡੇ ਹੇਠ ਦੇ ਕੇ ਪਹਿਲਾਂ ਉਨ੍ਹਾਂ ਦੇ ਗਲਾਂ ਵਿਚ ਖੰਜਰ ਖੋਭੇ ਅਤੇ ਫੇਰ ਤਲਵਾਰ ਮਾਰ ਕੇ ਸੀਸ ਧੜ ਤੋਂ ਅਲੱਗ ਕਰ ਦਿੱਤੇ। ਸਾਹਿਬਜ਼ਾਦਿਆਂ ਦੀ ਸ਼ਹੀਦੀ ਮਹਿਜ਼ ਸ਼ਹੀਦੀ ਨਹੀਂ, ਸਗੋਂ ਇਸ ਤੋਂ ਵੀ ਬਹੁਤ ਵੱਧ ਸੀ। ਉਨ੍ਹਾਂ ਨੂੰ ਮਾਨਸਿਕ ਤੌਰ 'ਤੇ ਭਰਮਾਉਣ ਦਾ ਯਤਨ ਕੀਤਾ ਗਿਆ ਸੀ। ਕਈ ਵਾਰ ਮੌਤ ਦੇ ਭੈ ਵਿੱਚੋਂ ਲੰਘਾਇਆ ਗਿਆ ਸੀ ਅਤੇ ਤੜਫਾ ਤੜਫਾ ਕੇ ਮਾਰਿਆ ਗਿਆ ਸੀ। ਇਹ ਸਾਰਾ ਤਸ਼ੱਦਦ ਉਨ੍ਹਾਂ ਨੇ ਕਿਵੇਂ ਬਰਦਾਸ਼ਤ ਕੀਤਾ, ਇਸ ਦਾ ਅੰਦਾਜ਼ਾ ਵੀ ਨਹੀਂ ਲਗਾਇਆ ਜਾ ਸਕਦਾ। ਉਨ੍ਹਾਂ ਨੇ ਜਬਰ ਦਾ ਮੂੰਹ ਤੋੜ ਕੇ ਦਸਾਂ ਪਾਤਿਸ਼ਾਹੀਆਂ ਦੀ ਸ਼ਾਨ ਨੂੰ ਕਾਇਮ ਰੱਖਿਆ ਅਤੇ ਖ਼ਾਲਸਾ ਪੰਥ ਨੂੰ ਫ਼ਤਹਿ ਦਿਵਾਈ। ਗੁਰੂ ਜੀ ਦੇ ਬੱਚਿਆਂ ਨੂੰ ਇਸ ਮਕਸਦ ਨਾਲ ਕਤਲ ਕੀਤਾ ਗਿਆ ਸੀ ਕਿ ਗੁਰਮਤਿ ਦਾ ਦੀਪਕ ਇਸ ਜਗਤ ਵਿੱਚੋਂ ਬੁਝ ਜਾਵੇਗਾ, ਪਰ ਉਨ੍ਹਾਂ ਨੂੰ ਇਸ ਗੱਲ ਦਾ ਅਹਿਸਾਸ ਨਹੀਂ ਸੀ ਕਿ ਗੁਰਮਤਿ ਦੀ ਅਖੰਡ ਜੋਤੀ ਤਾਂ ਖ਼ਾਲਸੇ ਦੇ ਦਿਲਾਂ ਵਿਚ ਪ੍ਰਵੇਸ਼ ਕਰ ਗਈ ਸੀ। ਸਾਹਿਬਜ਼ਾਦਿਆਂ ਦੀ ਸ਼ਹੀਦੀ ਦੇ ਸੰਬੰਧ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਔਰੰਗਜ਼ੇਬ ਨੂੰ ਲਿਖਿਆ ਸੀ ਕਿ ਕੀ ਹੋਇਆ ਮੇਰੇ ਚਾਰ ਬੱਚੇ ਮਾਰ ਦਿੱਤੇ ਹਨ, ਮੇਰਾ ਪੰਜਵਾਂ ਪੁੱਤਰ ਖ਼ਾਲਸਾ ਤਾਂ ਅਜੇ ਜ਼ਿੰਦਾ ਹੈ ਜੋ ਕਿ ਫਨੀਅਰ ਨਾਗ ਹੈ:

*ਚਿਹਾ ਸ਼ੁਦ ਕਿ ਬੱਚਗਾਂ ਕੁਸ਼ਤ: ਚਾਰ ॥*
*ਕਿ ਬਾਕੀ ਬਿਮਾਂਦਸਤ ਪੇਚੀਦ ਮਾਰ ॥੭੮॥ (ਜ਼ਫਰਨਾਮਾ)*

## ਸਾਕਾ ਸਰਹੰਦ 'ਤੇ - ਇਤਹਾਸ

*[ਭਾਈ ਰਮੇਸ਼ ਬੱਗਾ ਚੋਹਲਾ ਜੀ, ਲੁਧਿਆਣਾ]*

ਸਮਝ ਛੱਡੀ ਨਾ ਐਵੇਂ ਗੱਲ ਇਹ ਖਾਸ ਸੂਬਿਆ ਉਏ।
ਤੂੰ ਨਹੀਂ ਜਾਣਦਾ ਕੀ ਸਾਡਾ ਇਤਹਾਸ ਸੂਬਿਆ ਉਏ।
ਠਾਰ ਦਿੱਤੀਆਂ ਤੱਵੀਆਂ ਸਾਡੇ ਵੱਡ ਵਡੇਰਿਆਂ ਨੇ,
ਵੈਰੀ ਕੰਬਣ ਲਾ ਦਿੱਤੇ ਉਹਨਾਂ ਦਿਆਂ ਜੇਰਿਆਂ ਨੇ,
ਭਾਣੇ ਵਿਚੋਂ ਲੱਭਦੇ ਰਹੇ ਹਨ ਮਿਠਾਸ ਸੂਬਿਆ ਉਏ।
ਤੂੰ.................................................।
ਪੜਦਾਦਾ ਸਾਡਾ ਮਾਲਿਕ ਸੀ ਮੀਰੀ ਤੇ ਪੀਰੀ ਦਾ,
ਰੋਅਬ ਸਹਿਣ ਕੀਤਾ ਸੀ ਉਸ ਨੇ ਜਹਾਂਗੀਰੀ ਦਾ,
ਰੱਖਿਆ ਪਹਿਨ ਕੇ ਜਿਸ ਜੰਗੀ ਲਿਬਾਸ ਸੂਬਿਆ ਉਏ।
ਤੂੰ.................................................।
ਦਾਦੇ ਸਾਡੇ ਦਿੱਲੀ ਜਾ ਕੇ ਸੀਸ ਕਟਾਇਆ ਸੀ,
ਬਣਕੇ ਹਿੰਦ ਦੀ ਚਾਦਰ ਡੁੱਬਦਾ ਧਰਮ ਬਚਾਇਆ ਸੀ,
ਹੋਣ ਦਿੱਤਾ ਨਾ ਤਿਲਕ ਜੰਞੂ ਦਾ ਨਾਸ ਸੂਬਿਆ ਉਏ।
ਤੂੰ.................................................।
ਸਿੱਖਾਂ ਦੇ ਸੰਗ ਮਿਲਕੇ ਸਾਡੇ ਵੱਡਿਆਂ ਵੀਰਾਂ ਨੇ,
ਵਿਚ ਚਮਕੌਰ ਦੇ ਫ਼ੌਜ ਤੇਰੀ ਨੂੰ ਪਾਈਆਂ ਪੁਦੀੜਾਂ ਨੇ,
ਰਹੇ ਜੂਝਦੇ ਜੱਦ ਤੱਕ ਰਹੇ ਸਵਾਸ ਸੂਬਿਆ ਉਏ।
ਤੂੰ.................................................।
ਤੇਰੇ ਦਿੱਤੇ ਡਰਾਵਿਆਂ ਦਾ ਕੋਈ ਹੋਣਾ ਅਸਰ ਨਹੀਂ,
ਸਿਦਕ ਨਿਭਾਉਣਾ ਪੂਰਾ ਕੋਈ ਛੱਡਣੀ ਕਸਰ ਨਹੀਂ,
ਵਿਚ ਪ੍ਰੀਖਿਆ ਹੋ ਕੇ ਰਹਾਂਗੇ ਪਾਸ ਸੂਬਿਆ ਉਏ।
ਤੂੰ.................................................।
ਦਾਦੀ ਮਾਂ ਦੀ ਸਿੱਖਿਆ ਹੱਡਾਂ ਦੇ ਵਿਚ ਰਚੀ ਪਈ,
ਇਸਲਾਮ ਮੁਬਾਰਕ ਤੈਨੂੰ, ਸਾਨੂੰ ਸਿੱਖੀ ਜਚੀ ਪਈ,
ਗ੍ਰੰਥ ਸਾਹਿਬ ਵਿਚ ਸਾਡਾ ਹੈ ਵਿਸ਼ਵਾਸ ਸੂਬਿਆ ਉਏ।
ਤੂੰ.................................................।
ਕਰਕੇ ਦੇਖ ਲੈ ਤੇਰੇ ਕੋਲੋਂ ਜੋ ਵੀ ਹੋ ਸਕਦਾ,
ਰਾਜ ਭਾਗ ਦਾ ਲਾਲਚ ਸਾਡਾ ਮਨ ਨਹੀਂ ਮੋਹ ਸਕਦਾ,
ਮਰਣ ਕਬੂਲੀਏ ਛੱਡ ਜੀਵਨ ਦੀ ਆਸ ਸੂਬਿਆ ਉਏ।
ਤੂੰ.................................................।
ਸੱਚ ਦੇ ਮਾਰਗ ਚੱਲ ਕੇ ਆਪਣੀ ਮੰਜ਼ਿਲ ਪਾਵਾਂਗੇ,
ਕੱਟੇ ਜਾਣਗੇ ਬੇਸ਼ੱਕ ਪਰ ਨਹੀਂ ਸੀਸ ਝੁਕਾਵਾਂਗੇ,
ਅਸੀਂ ਸਿਰਫ਼ ਅਕਾਲ ਪੁਰਖ ਦੇ ਦਾਸ ਸੂਬਿਆ ਉਏ।
ਤੂੰ.................................................।
ਕੰਧ ਪਾਪ ਦੀ ਸਦਾ ਵਾਸਤੇ ਕਾਇਮ ਨਾ ਰਹਿਣੀ ਉਏ,
ਤੇਰੀ ਇਸ ਕਰਤੂਤ ਲਈ ਲੱਖ ਲਾਹਣਤ ਪੈਣੀ ਉਏ,
'ਚੋਹਲੇ' ਵਾਲਾ ਕਹਿੰਦਾ ਕਰ ਅਹਿਸਾਸ ਸੂਬਿਆ ਉਏ।
ਤੂੰ.................................................।

# ਜੁੜਿ ਜੁੜਿ ਵਿਛੁੜੇ ਵਿਛੁੜਿ ਜੁੜੇ ॥

## ਸਾਡੀ ਪ੍ਰੇਮ-ਸੁਮਾਰਗ ਪੰਧ ਦੀ ਵਿਥਿਆ

*[ਬੀਬੀ ਜਗਜੀਤ ਕੌਰ ਜੀ, ਕੈਲੀਫੋਰਨੀਆ]*



(ਸਤਿਕਾਰ-ਯੋਗ ਗੁਰਮੁਖ ਬੀਬੀ ਜੀ ਦੀ ਅਸਲ ਅੰਗਰੇਜ਼ੀ ਲਿਖਤ ਦਾ ਪੰਜਾਬੀ ਅਨੁਵਾਦ)

ਜਦੋਂ ਮੈਂ ਇਹ ਪ੍ਰਸ਼ਨ ਸੁਣਦੀ ਹਾਂ ਕਿ 'ਤੁਸੀਂ ਸਿੱਖੀ ਵਿੱਚ ਕਿਵੇਂ ਆਏ?' ਤਾਂ ਮੈਨੂੰ ਲਗਦਾ ਹੈ ਕਿ ਇਸਦਾ ਆਮ ਸ਼ਬਦਾਂ ਵਿੱਚ ਕੋਈ ਸਰਸਰਾ ਜਿਹਾ ਜਵਾਬ ਨਹੀਂ ਦਿੱਤਾ ਜਾ ਸਕਦਾ। ਪਿਛੋਕੜ ਵਿੱਚ ਜਦੋਂ ਮੈ ਹੁਣ ਦੇਖਦੀ ਹਾਂ, ਤਾਂ ਮੈਂ ਜਾਣਦੀ ਹਾਂ ਕਿ, ਅਕਾਲ ਪੁਰਖ ਦੀ ਧੁਰ ਦਰਗਾਹੋਂ ਲਿਖੇ ਸੰਜੋਗ ਅਨੁਸਾਰ, ਇਹ ਪਹਿਲਾਂ ਤੋਂ ਹੀ ਇਸ ਜਨਮ ਵਿੱਚ ਹੋਣਾ ਤੈਅ ਹੋ ਗਿਆ ਸੀ। ਗੁਰੂ ਸਾਹਿਬ ਜੀ ਨੇ ਮੈਨੂੰ ਬਹੁਤ ਸਾਰੀਆਂ ਰੁਕਾਵਟਾਂ ਦੇ ਬਾਵਜੂਦ ਇਸ ਮਾਰਗ ਤੇ ਪਾਇਆ। ਮੈਂ ਪੰਜਾਬੀ ਭਾਸ਼ਾ ਜਾਂ ਸਭਿਆਚਾਰ ਨੂੰ ਨਹੀਂ ਜਾਣਦੀ ਸੀ ਅਤੇ ਮੇਰਾ ਪਰਿਵਾਰ ਰਵਾਇਤੀ ਕੈਥੋਲਿਕ ਕਦਰਾਂ ਕੀਮਤਾਂ ਨੂੰ ਬਹੁਤ ਅਹਿਮੀਅਤ ਦਿੰਦਾ ਸੀ। ਅਜਿਹੇ ਹਾਲਾਤਾਂ ਵਿੱਚ, ਮੇਰੇ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਦੇ ਕਿੰਨੇ ਕੁ ਆਸਾਰ ਹੋ ਸਕਦੇ ਸਨ?

ਮੈਨੂੰ ਪਹਿਲੇ ਸਿੰਘ ਦੇ ਦਰਸ਼ਨ ਉਦੋਂ ਹੋਏ ਜਦੋਂ ਮੈਂ ਸੱਤ ਸਾਲਾਂ ਦੀ ਸੀ। ਉਹ ਬੱਸ 'ਤੇ ਚੜ੍ਹ ਰਿਹਾ ਸੀ। ਮੈਂ ਛੋਟੀ ਉਮਰ ਵਿੱਚ ਹੀ ਉਸਦੀ ਪ੍ਰਭਾਵਸ਼ਾਲੀ ਦਿੱਖ ਤੋਂ ਬਹੁਤ ਮੁਤਾਸਿਰ ਹੋਈ ਸੀ ਅਤੇ ਰੱਬ ਨੂੰ ਅਰਦਾਸ ਕੀਤੀ ਸੀ ਕਿ ਮੈਂ ਵੱਡੀ ਹੋ ਕੇ ਉਸ ਵਰਗੇ ਸੁੰਦਰ ਰਾਜਕੁਮਾਰ ਨਾਲ ਵਿਆਹ ਕਰਾਂ।

ਮੈਂ ਹਮੇਸ਼ਾਂ ਰੂਹਾਨੀ ਤੌਰ ਤੇ ਬੇਚੈਨ ਰਹਿੰਦੀ ਸੀ। ਮੈਨੂੰ ਬਾਈਬਲ ਵਿੱਚੋਂ ਕੋਈ ਦਿਲਾਸਾ ਨਹੀਂ ਮਿਲਦਾ ਸੀ ਅਤੇ ਹਰ ਐਤਵਾਰ ਨੂੰ ਚਰਚ ਜਾਣਾ ਮੇਰੇ ਲਈ ਮਹਿਜ਼ ਇੱਕ ਰਸਮ ਦੀ ਨਿਆਈਂ ਹੀ ਸੀ।

ਮੈਂ ਰੱਬ ਨੂੰ ਸਾਰੀ ਕਾਇਨਾਤ ਵਿੱਚ ਮਹਿਸੂਸ ਕਰਦੀ ਹੋਈ, ਰੁੱਖਾਂ ਵਿੱਚ ਦੇਖਦੀ ਸੀ, ਜਦੋਂ ਸੂਰਜ ਦੀ ਰੌਸ਼ਨੀ ਉਹਨਾਂ ਦੇ ਪੱਤਿਆਂ ਵਿੱਚੋਂ ਦੀ ਹੋਕੇ ਲੋਆਂ ਬਿਖੇਰਦੀ ਸੀ। ਨਦੀ ਦੇ ਕਿਨਾਰਿਆਂ ਤੇ ਵਗਦੀ ਹਵਾ ਵਿੱਚੋਂ, ਰੱਬ ਦੇ ਸਾਹਾਂ ਨੂੰ ਮਹਿਸੂਸ ਕਰਦੀ ਸੀ। ਮੈਂ ਉਸ ਨੂੰ ਹੋਰ ਬਿਹਤਰ ਜਾਣਨ ਲਈ ਅਧਿਆਤਮਿਕ ਤੌਰ ਤੇ ਬਹੁਤ ਪਿਆਸੀ ਤੇ ਵਿਆਕੁਲ ਸੀ। ਮੈਂ ਈਸਾਈ ਧਰਮ, ਹਿੰਦੂ ਧਰਮ, ਇਸਲਾਮ, ਯਹੂਦੀ ਧਰਮ ਅਤੇ ਬਹੁਤ ਸੰਖੇਪ ਵਿੱਚ ਸਿੱਖ ਧਰਮ ਦਾ ਅਧਿਐਨ ਕੀਤਾ। ਧਾਰਿਮਕ ਗ੍ਰੰਥਾਂ ਨੂੰ ਫਰੋਲਦਿਆਂ, ਮੇਰੇ ਮਨ ਵਿੱਚ ਕਿਸੇ ਵੇਲੇ ਇੱਕ ਵਿਚਾਰ ਆਇਆ ਕਿ ਜਿਸ ਦਿਨ ਤੁਹਾਡਾ ਜਨਮ ਹੁੰਦਾ ਹੈ, ਉਸ ਦਿਨ ਤੋਂ ਹੀ ਤੁਸੀਂ ਮੌਤ ਦੇ ਹੋਰ ਨੇੜੇ ਹੋ ਜਾਂਦੇ ਹੋ"। ਮੇਰਾ ਵੈਰਾਗ ਅਤੇ ਪਰਮਾਤਮਾ ਲਈ ਤਾਂਘ ਅਕਸਰ ਮੇਰੇ ਉੱਪਰ ਹਾਵੀ ਹੋ ਜਾਂਦੇ ਸੀ ਅਤੇ ਮੈਂ ਅਕਸਰ ਰੋਂਦੀ ਰਹਿੰਦੀ ਸੀ।

ਮੈਂ ਸ਼ੁਰੂ ਤੋਂ ਹੀ ਮਾੜੀ ਸੰਗਤ ਤੋਂ ਬਚੀ ਹੋਈ ਸੀ। ਮੇਰੀ ਕੋਈ ਬਹੁਤੇ ਲੋਕਾਂ ਨਾਲ ਜਾਣ ਪਛਾਣ ਨਹੀਂ ਸੀ, ਪੜਾਈ ਵਿੱਚ ਕਾਫ਼ੀ ਹੁਸ਼ਿਆਰ ਸੀ ਅਤੇ ਹਮੇਸ਼ਾ ਚੰਗੇ ਨੰਬਰਾਂ ਨਾਲ ਹੀ ਪਾਸ ਹੁੰਦੀ ਸੀ। ੭੦ ਦੇ ਦਹਾਕੇ ਦੇ ਲੋਕਾਂ ਵਿੱਚ, ਐਲ.ਐਸ.ਡੀ ਦੇ ਨਸ਼ੇ ਵਾਲਾ ਹਿੱਪੀ ਸਭਿਆਚਾਰ, ਬਹੁਤ ਫੈਲਿਆ ਹੋਇਆ ਸੀ, ਪਰ ਮੈਂ ਇਸ ਤੋਂ ਬਚੀ ਰਹੀ। ਮੈਂ ਕਦੇ ਵੀ ਬੁਰੀਆਂ ਆਦਤਾਂ ਵਿੱਚ ਨਹੀਂ ਫਸੀ ਅਤੇ ਆਪਣੀ ਸ਼ਾਮ ਲਾਇਬ੍ਰੇਰੀ ਵਿੱਚ ਬਿਤਾਉਂਦੀ ਹੁੰਦੀ ਸੀ, ਜਦ ਕਿ ਮੇਰੇ ਸਹਿਪਾਠੀ ਸ਼ਰਾਬੀ, ਨਸ਼ੇੜੀ ਅਤੇ

ਗਰਭਵਤੀ ਹੋ ਰਹੇ ਸਨ। ਮੈਨੂੰ ਇਸ ਬਦ-ਚਲਨ ਭੀੜ ਵਿੱਚ 'ਸ਼ਾਮਿਲ' ਨਾ ਹੋਣ ਦੇ ਕਾਰਨ ਇੱਕ ਲੜਕੇ ਦੁਆਰਾ ਕੁੱਟਿਆ ਵੀ ਗਿਆ ਸੀ। ਉਹ ਮੇਰੇ ਲਈ ਬਹੁਤ ਦੁਖਦਾਈ ਸਮੇਂ ਸਨ।

ਉਹਨੀਂ ਦਿਨੀਂ, ਮੈਨੂੰ ਬਹੁਤ ਅਜੀਬ ਸੁਪਨੇ ਆਇਆ ਕਰਦੇ ਸਨ। ਜਿਨ੍ਹਾਂ ਵਿੱਚ ਮੈਨੂੰ ਘੋੜੇ ਤੇ ਸਵਾਰ ਹੋਈ ਨੂੰ, ਹਨੇਰੇ ਜੰਗਲ਼ਾਂ ਵਿੱਚ ਦੁਸ਼ਮਣ ਲੱਭ ਰਹੇ ਹੁੰਦੇ ਹਨ ਅਤੇ ਪਿੱਛਾ ਕਰਦੇ ਹੌਲੀ ਹੌਲੀ ਮੇਰੇ ਨੇੜੇ ਪਹੁੰਚ ਰਹੇ ਹਨ। ਮੇਰੇ ਕੋਲ, ਮੈਨੂੰ ਮਾਰਗ ਦਿਖਾਉਣ ਲਈ ਕੇਵਲ ਚੰਨ ਤੇ ਉਸਦੀ ਰੌਸ਼ਨੀ ਹੀ ਹੁੰਦੇ ਹਨ। ਮੈਂ ਪਸੀਨੇ ਵਿੱਚ ਭਿੱਜੀ ਹੋਈ ਜਾਗਦੀ ਹੁੰਦੀ ਸੀ। ਕਾਫੀ ਦੇਰ ਬਾਅਦ ਮੈਨੂੰ ਸੋਝੀ ਮਿਲੀ ਕਿ ਇਹਨਾਂ ਸੁਪਨਿਆਂ ਦਾ ਕੀ ਮਤਲਬ ਹੁੰਦਾ ਸੀ। ਮੇਰੇ ਸੰਗੀ ਸਾਥੀ ਗੁਰਿਸੱਖ ਭਲੀ ਭਾਂਤ ਜਾਣਦੇ ਹਨ ਕਿ ਮੈਂ ਕਿਸ ਬਾਰੇ ਗੱਲ ਕਰ ਰਹੀ ਹਾਂ।

ਖ਼ੈਰ, ਸਾਲ ਬੀਤ ਗਏ। ਮੈਂ ਅਜੇ ਵੀ ਅਧਿਆਤਮਿਕ ਤੌਰ ਤੇ ਅਸੰਤੁਸ਼ਟ ਤੇ ਬਹੁਤ ਬੇਚੈਨ ਸੀ। ਮੈਂ ਇਤਿਹਾਸ ਅਤੇ ਧਰਮ ਬਾਰੇ ਬਹੁਤ ਜ਼ਿਆਦਾ ਪੜ੍ਹਦੀ ਹੁੰਦੀ ਸੀ। ਮੈਂ ਭਾਗਵਤ ਗੀਤਾ ਅਤੇ ਭਗਤ ਕਬੀਰ ਜੀ ਦੀਆਂ ਕੁਝ ਰਚਨਾਵਾਂ ਵੀ ਪੜ੍ਹੀਆਂ। ਮੇਰੇ ਪਤੀ ਸ਼ਿਵ ਜੀ ਅਤੇ ਦੁਰਗਾ ਦੇ ਬਹੁਤ ਸੁਹਿਰਦ ਅਤੇ ਅਨਿੰਨ ਭਗਤ ਸਨ ਅਤੇ ਉਨ੍ਹਾਂ ਨੂੰ ਇਸ ਭਗਤੀ ਕਰਕੇ ਦੋਵਾਂ ਦੇਵਤਿਆਂ ਦੇ ਦਰਸ਼ਨ ਵੀ ਨਸੀਬ ਹੋਏ ਸਨ। ਉਹ ਭਗਤੀ ਵਿੱਚ ਵਧੇਰੇ ਅਤ ਹਿੰਦੂ ਧਰਮ ਦੀਆਂ ਗੁੰਝਲਦਾਰ ਰਸਮਾਂ ਵਿੱਚ ਘੱਟ ਵਿਸ਼ਵਾਸ ਰੱਖਦੇ ਸਨ। ਉਹ ਬ੍ਰਾਹਮਣਾਂ ਦੀ ਚਲਾਕੀ ਨੂੰ ਬਰਦਾਸ਼ਤ ਨਹੀਂ ਸਨ ਕਰਦੇ ਅਤੇ ਉਹਨਾਂ ਦੇ ਪਖੰਡਾਂ ਦਾ ਮੇਰੇ ਪਤੀ ਨੂੰ ਛੇਤੀ ਜੇਹੀ ਪਤਾ ਲੱਗ ਜਾਂਦਾ ਸੀ। ਉਹ ਬਹੁਤ ਹੀ ਨਿਰਮਲ ਰੂਹ ਅਤੇ ਸਤਿਕਾਰ-ਯੋਗ ਵਿਅਕਤੀ ਸਨ।

ਅਸੀਂ ਫਿਰ ਭਾਰਤ ਪਹੁੰਚੇ ਅਤੇ ਰਾਧਾ ਸੁਆਮੀਆਂ ਦੇ ਡੇਰੇ ਗਏ, ਕਿਉਂਕਿ ਮੇਰੇ ਪਤੀ ਦੇ ਸਾਬਕਾ ਪ੍ਰੋਫੈਸਰ, ਜਿਨ੍ਹਾਂ ਨੇ ਉੱਥੇ ਸੇਵਾ ਕੀਤੀ ਸੀ, ਨੇ ਸਾਨੂੰ ਉੱਥੇ ਬੁਲਾਇਆ ਸੀ। ਓਥੋਂ ਦਾ ਮਾਹੌਲ ਦੇਖ ਕੇ, ਮੈਨੂੰ ਸਮਝ ਨਹੀਂ ਸੀ ਆ ਰਹੀ ਕਿ ਲੋਕ ਆਪਣੇ ਆਪ ਨੂੰ 'ਗੁਰੂ' ਕਿਵੇਂ ਕਹਾ ਲੈਂਦੇ ਨੇ ਅਤੇ ਫਿਰ (ਮਰਸਡੀਜ਼ ਬੈਂਜ਼) ਵਰਗੀਆਂ ਮਹਿੰਗੀਆਂ ਗੱਡੀਆਂ ਵਿੱਚ ਕਿਵੇਂ ਘੁੰਮਦੇ ਨੇ। ਰੱਬ ਦੀ ਸ਼ਖ਼ਸੀਅਤ ਮੇਰੇ ਮਨ ਵਿੱਚ ਸਭ ਤੋਂ ਉੱਚੀ ਸੀ। ਅਸੀਂ ਉਹਨਾਂ ਦੇ 'ਗੁਰੂ' ਦੇ ਕੁਝ ਭਾਸ਼ਣਾਂ ਵਿੱਚ ਸ਼ਾਮਲ ਹੋਏ ਅਤੇ ਉਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬਹੁਤ ਸਾਰੀਆਂ ਤੁਕਾਂ ਦਾ ਹਵਾਲਾ ਦਿੱਤਾ ਅਤੇ ਮੈਂ ਮੀਰਾ ਦੀਆਂ ਕੁਝ ਹਿਰਦੇ-ਵੇਧਕ ਲਿਖਤਾਂ ਪੜ੍ਹੀਆਂ। ਇਨ੍ਹਾਂ ਤੁਕਾਂ ਨੇ ਮੇਰੇ ਅੰਦਰ ਦੀ ਤਾਂਘ ਅਤੇ ਪਿਆਸ ਨੂੰ ਹੋਰ ਤੀਬਰ ਕਰ ਦਿੱਤਾ। ਸਾਡੀ ਰਾਧਾ ਸੁਆਮੀ 'ਗੁਰੂ' ਦੇ ਨਾਲ ਨਿੱਜੀ ਮੁਲਾਕਾਤ ਕਰਵਾਈ ਗਈ। ਉਸਦੀ ਬਾਹਰੀ ਦਿੱਖ ਸਿੱਖਾਂ ਵਾਲੀ ਸੀ ਅਤੇ ਮੈਨੂੰ ਬਹੁਤ ਹੀ ਸੁੰਦਰ ਲੱਗ ਰਹੀ ਸੀ। ਦਰਦ ਭਰੀ ਬਿਹਬਲਤਾ ਵਿੱਚ, ਹੰਝੂ ਵਹਾਉਂਦੇ ਹੋਏ, ਮੈਂ ਉਸਨੂੰ ਬੇਨਤੀ ਕੀਤੀ ਕਿ, ਉਹ ਮੈਨੂੰ ਦੱਸੇ ਕਿ ਮੈਂ ਰੱਬ ਦੇ ਰਾਹ ਤੇ ਕਿਵੇਂ ਚੱਲ ਸਕਦੀ ਹਾਂ। ਇਸਦੀ ਬਜਾਏ ਉਸਨੇ ਮੈਨੂੰ ਕਾਰਜਾਂ ਦੀ ਇੱਕ ਸੂਚੀ ਦੇ ਦਿੱਤੀ, ਜਿਸ ਨੂੰ ਪੂਰਾ ਕਰ ਕੇ ਸਾਨੂੰ ਦੋਵਾਂ ਨੂੰ ਕੁਝ ਮਹੀਨਿਆਂ ਬਾਅਦ, ਉਸਨੂੰ ਦੁਬਾਰਾ ਮਿਲਣਾ ਪੈਣਾ ਸੀ ਅਤੇ ਫਿਰ ਸ਼ਾਇਦ ਹੋ ਸਕਦਾ ਸੀ ਕਿ ਉਹ ਮੈਨੂੰ ਆਪਣਾ ਮੰਤਰ ਦੇਵੇਗਾ। ਮੇਰੀ ਦੁਨੀਆ ਉੱਥੇ ਤਬਾਹ ਜਿਹੀ ਹੋ ਗਈ। ਉਸਦੇ ਸ਼ਬਦਾਂ ਅਤੇ ਵਿਵਹਾਰ ਨੇ ਸਾਨੂੰ ਦੱਸ ਦਿੱਤਾ ਕਿ ਉਹ ਅਸਲ 'ਗੁਰੂ' ਨਹੀਂ ਸੀ। ਅਸੀਂ ਉੱਥੋਂ ਚਲੇ ਗਏ ਅਤੇ ਫਿਰ ਕਦੇ ਮੁੜ ਕੇ ਓਧਰ ਨਹੀਂ ਵੇਖਿਆ।

Los Angeles ਵਿੱਚ ਵਾਪਸ ਆਉਣ ਉਪਰੰਤ, ਮੇਰੇ ਪਤੀ ਨੌਕਰੀ ਦੀ ਭਾਲ ਵਿੱਚ ਸਨ। ਨੌਕਰੀ ਦੀ ਇੰਟਰਵਿਊ ਲਈ ਜਾਂਦੇ ਸਮੇਂ, ਰਾਹ ਵਿੱਚ Vermont Avenue ਵਿਖੇ, ਉਹਨਾਂ ਨੇ ਇੱਕ ਨਿਸ਼ਾਨ ਸਾਹਿਬ ਵੇਖਿਆ। ਅਸੀਂ ਉੱਥੇ ਜਾਣਾ ਸ਼ੁਰੂ ਕਰ ਦਿੱਤਾ। ਸੰਗਤ ਵਿੱਚ ਬਹੁਤ ਨਿੱਘ ਸੀ ਅਤੇ ਇਤਨੇ ਮਨ-ਮੋਹਣੇ ਗੁਰਸਿੱਖਾਂ ਦੇ ਦਰਸ਼ਨ ਕਰਕੇ, ਮੇਰਾ ਹਿਰਦਾ ਚਾਓ ਉਲਾਸ ਨਾਲ ਖਿੜ ਗਿਆ। ਮੈਨੂੰ ਜ਼ਿਆਦਾ ਕੁਛ ਸਮਝ ਨਹੀਂ ਸੀ ਲਗਦੀ, ਪਰ ਕੀਰਤਨ ਅਤੇ ਕੜਾਹ ਪ੍ਰਸ਼ਾਦ ਮੈਨੂੰ ਬੜੇ ਪਿਆਰੇ ਅਤੇ ਚੰਗੇ ਲਗਦੇ ਸਨ।

ਅਸੀਂ ਸੰਗਤ ਵਿੱਚ ਹੀ ਬਿਰਾਜਮਾਨ ਸੀ, ਜਦੋਂ ਇਕ ਦਿਨ ਬਹੁਤ ਬਜ਼ੁਰਗ ਸੰਤ ਬਾਬਾ ਗਿਆਨ ਸਿੰਘ ਜੀ ਜੌਹਲ ਵਾਲੇ, ਅਤੇ ਉਹਨਾਂ ਨਾਲ ਕਈ ਸਿੰਘ ਗੁਰਦੁਆਰਾ ਸਾਹਿਬ ਆਏ। ਉਹ ਬਹੁਤ ਸ਼ਾਂਤ ਅਤੇ ਸਿਹਜ ਵਿੱਚ ਸਨ। ਸਾਨੂੰ ਇੱਕ ਸੰਗਤ-ਮੈਂਬਰ ਦੇ ਘਰ ਬੁਲਾਇਆ ਗਿਆ, ਜਿੱਥੇ ਉਹ ਆਪਣੇ ਸਾਥੀ ਸਿੰਘਾਂ ਨਾਲ ਠਹਰੇ ਹੋਏ ਸਨ। ਮੇਰੇ ਪਤੀ ਉਹਨਾਂ ਨਾਲ ਗੱਲ ਕਰਨ ਲਈ ਕਾਫ਼ੀ ਉਤਸੁਕ ਸਨ। ਮੈਂ ਸ਼ਰਮੀਲੀ ਸੀ ਅਤੇ ਪਿੱਛੇ ਰਹੀ। ਬਾਬਾ ਜੀ ਮੇਰੇ ਪਤੀ ਨੂੰ ਮਿਲੇ ਅਤੇ ਕੁਝ ਕੁ ਮਿੰਟ ਉਹਨਾਂ ਦੀ ਗੱਲ ਸੁਣਨ ਤੋਂ ਬਾਅਦ, ਉਹਨਾਂ ਨੇ ਕਾਫ਼ੀ ਸਮਾਂ ਮੇਰੇ ਪਤੀ ਦੀਆਂ ਅੱਖਾਂ ਵਿੱਚ ਅੱਖਾਂ ਪਾਈ ਰੱਖੀਆਂ ਅਤੇ ਫਿਰ ਬਚਨ ਕੀਤਾ, ''ਜਗਦੀਸ਼, ਭੱਲਕੇ ਤੁਹਾਨੂੰ ਅੰਮ੍ਰਿਤ ਛਕਾਇਆ ਜਾਵੇਗਾ। ਤੁਹਾਡਾ ਨਾਮ ਜਗਦੀਸ਼ ਸਿੰਘ ਹੋਵੇਗਾ''। ਮੇਰੇ ਪਤੀ ਹੈਰਾਨ ਸਨ ਕਿ ਇਹ ਬਜ਼ੁਰਗ ਸੱਜਣ ਕੀ ਕਹਿ ਰਹੇ ਹਨ। ਉਹਨਾਂ ਨੂੰ ਬਿਲਕੁਲ ਪਤਾ ਨਹੀਂ ਸੀ ਕਿ ਇਹ ਸਭ ਕੀ ਹੋ ਰਿਹਾ ਹੈ। ਓਦੋਂ ਤੱਕ, ਉਨ੍ਹਾਂ ਦੇ ਮਨ ਵਿੱਚ ਅੰਮ੍ਰਿਤ ਹਾਸਲ ਕਰਨ ਦਾ ਭਾਵ, 'ਗੰਗਾ ਜਲ' ਪ੍ਰਾਪਤ ਕਰਨਾ ਹੀ ਸੀ। ਬਾਬਾ ਜੀ ਨੇ ਮੇਰੇ ਵੱਲ ਇਸ਼ਾਰਾ ਕਰ ਕੇ ਕਿਹਾ, 'ਇਹਨੂੰ ਵੀ ਤੁਹਾਡੇ ਨਾਲ ਜਾਣਾ ਪਵੇਗਾ'।

ਮੇਰੇ ਪਤੀ, ਮੇਰੇ ਲਈ, ਇਸ ਸਾਰੀ ਵਾਰਤਾਲਾਪ ਦਾ ਅਨੁਵਾਦ ਕਰ ਰਹੇ ਸਨ ਅਤੇ ਉਸ ਸਮੇਂ ਪਤਾ ਨਹੀਂ ਕਿਓਂ, ਮੇਰੇ ਚਿਹਰੇ ਤੇ ਬਹੁਤ ਵੱਡੀ ਮੁਸਕਰਾਹਟ ਆ ਗਈ ਨਿੱਜ ਆਤਮਾ ਉਹ ਸਭ ਕੁਝ ਜਾਣਦੀ ਹੁੰਦੀ ਹੈ ਜੋ ਮਨ ਨਹੀਂ ਜਾਣਦਾ। ਕਈਆਂ ਵੱਲੋਂ ਇਹ ਇਤਰਾਜ਼ ਉੱਠ ਰਿਹਾ ਸੀ ਕਿ ਪੱਛਮੀ ਸੱਭਿਅਤਾ ਦੀ ਹੋਣ ਕਰਕੇ ਮੈਂ ਅੰਮ੍ਰਿਤ ਦੇ ਲਾਇਕ ਨਹੀਂ ਹਾਂ, ਪਰ ਬਾਬਾ ਜੀ ਨੇ ਤੁਰੰਤ ਉਸੇ ਵੇਲੇ ਮੁੜ ਕੇ, ਇਹ ਕਹਿ ਕੇ ਇਸ ਇਤਰਾਜ਼ ਦੀ ਸੰਘੀ ਨੱਪ ਦਿੱਤੀ ਕਿ "ਉਹ ਉਸਦੀ ਪਤਨੀ ਹੈ।" ਅਸੀਂ ਆਗਿਆ ਦਾ ਪਾਲਣ ਕੀਤਾ, ਪਰ ਆਉਣ ਵਾਲੇ ਸਮੇਂ ਬਾਰੇ ਬਿਲਕੁਲ ਅਣਜਾਣ ਸੀ। ਮੇਰੇ ਪਤੀ ਨੇ ਸਕੂਲ ਵਿੱਚ ਪੰਜਾਬੀ ਵਰਣ-ਮਾਲਾ ਸਿੱਖੀ ਸੀ, ਪਰ ਉਸ ਤੋਂ ਬਾਅਦ ਕਦੇ ਇਸਦੀ ਵਰਤੋਂ ਨਹੀਂ ਸੀ ਕੀਤੀ। ਉਹਨਾਂ ਦੀ ਭਾਸ਼ਾ ਹਿੰਦੀ ਸੀ। ਅਸੀਂ ਅੰਮ੍ਰਿਤ ਸੰਚਾਰ ਵਿੱਚ ਅਭਿਲਾਖੀਆਂ ਵਜੋਂ ਪੇਸ਼ ਹੋਏ। ਕਿਸੇ ਨੇ ਮੇਰੇ ਪਤੀ ਨੂੰ ਇਹ ਨਹੀਂ ਸੀ ਦੱਸਿਆ ਕਿ ਦਾੜ੍ਹੀ ਨਹੀਂ ਕੱਟਣੀ, ਇਸ ਲਈ ਉਹ ਅਨਜਾਣਪੁਣੇ ਵਿੱਚ ਹੀ ਚੰਗੀ ਤਰਾਂ ਸ਼ੇਵ (ਦਾੜ੍ਹੀ ਮੁੰਨ) ਕਰ ਕੇ ਪਹੁੰਚੇ, ਤਾ ਜੋ ਉਹ ਆਪਣੇ ਕਿਆਫ਼ੇ ਅਨੁਸਾਰ, ਸਾਫ ਸੁਥਰੇ ਦਿੱਖ ਸਕਣ। ਉਹ ਸ਼ਾਇਦ ਇਤਿਹਾਸ ਦੇ ਸਭ ਤੋਂ ਕਲੀਨ-ਸ਼ੇਵ ਅੰਮ੍ਰਿਤ ਅਭਿਲਾਖੀ ਹੋਣਗੇ। ਮੈਂ ਆਪਣੇ ਸਾਰੇ ਗਹਿਣੇ ਅੰਮ੍ਰਿਤ ਸੰਚਾਰ ਮੰਡਲ ਦੇ ਦਰਵਾਜ਼ੇ ਤੇ ਹੀ ਛੱਡ ਦਿੱਤੇ। ਅਸੀਂ ਅੰਦਰ ਪ੍ਰਵੇਸ਼ ਕੀਤਾ ਅਤੇ ਸਾਡੀ ਹਾਜ਼ਰੀ ਵਿੱਚ ਪੰਜ ਬਾਣੀਆਂ ਦਾ ਪਾਠ ਕਰ ਕੇ ਅੰਮ੍ਰਿਤ ਦਾ ਬਾਟਾ ਤਿਆਰ ਕੀਤਾ ਗਿਆ। ਜਦੋਂ ਮੈਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਰਹੀ ਸੀ ਤਾਂ ਮੈਨੂੰ ਇਕ ਬਹੁਤ ਚਮਕੀਲੀ ਰੌਸ਼ਨੀ ਦਿਸੀ ਅਤੇ ਇਸ ਤਰਾਂ ਮਹਿਸੂਸ ਹੋਇਆ, ਜਿਵੇਂ ਕੁਛ ਬਦਲ ਰਿਹਾ ਹੋਵੇ। ਮੇਰੇ ਸਰੀਰ ਵਿੱਚ ਕਿਸੇ ਅਨੂਠੀ ਸ਼ਕਤੀ ਦਾ ਵਿਗਾਸ ਹੋ ਗਿਆ। ਮੈਂ ਬੇਅੰਤ ਜੋਸ਼ ਅਤੇ ਉਲਾਸ ਨਾਲ ਭਰਪੂਰ ਹੋ ਗਈ। ਬੇ-ਸੁੱਧ ਅਵਸਥਾ ਵਿੱਚ, ਅੰਮ੍ਰਿਤ ਦਾ ਹਰ ਚੂਲਾ ਛਕਣ ਉਪਰੰਤ, ਫ਼ਤਿਹ ਬੁਲਾਉਣ ਵਿੱਚ ਮੈਨੂੰ ਥੋੜ੍ਹੀ ਕਠਿਨਾਈ ਹੋ ਰਹੀ ਸੀ, ਇਸ ਲਈ ਮੈਨੂੰ ਅਤੇ ਮੇਰੇ ਪਤੀ ਨੂੰ ਵੀ ਬਹੁਤ ਸਾਰਾ ਅੰਮ੍ਰਿਤ ਛਕਣ ਨੂੰ ਨਸੀਬ ਹੋਇਆ। ਸਾਨੂੰ ਨਿਰਦੇਸ਼ ਦਿੱਤੇ ਗਏ, ਜਿਨ੍ਹਾਂ ਦਾ ਮੇਰੇ ਪਤੀ ਨੇ ਅਨੁਵਾਦ ਕਰਕੇ ਮੈਨੂੰ ਦੱਸਿਆ। ਸਾਨੂੰ ਕਿਹਾ ਗਿਆ ਸੀ ਕਿ ਜਿੰਨਾ ਵੱਧ ਤੋਂ ਵੱਧ ਸੰਭਵ ਹੋ ਸਕੇ ਗੁਰਮੰਤਰ 'ਵਾਹਿਗੁਰੂ' ਦਾ ਜਾਪ ਕਰੋ ਅਤੇ ਨਿਤਨੇਮ ਦਾ ਪਾਠ ਕਰਨਾ ਸਿੱਖੋ। ਮਾਸ ਖਾਣ ਦਾ ਤਾ ਸਵਾਲ ਹੀ ਨਹੀਂ ਸੀ ਪੈਦਾ ਹੁੰਦਾ। ਸਾਨੂੰ ਦੱਸਿਆ ਗਿਆ ਸੀ ਕਿ ਆਦਮੀ ਅਤੇ ਔਰਤ ਦੋਵਾਂ ਲਈ ਰਹਿਤ ਇਕੋ ਹੈ। ਇਸ ਲਈ ਜਦੋਂ ਉਨ੍ਹਾਂ ਨੇ ਮੇਰੇ ਪਤੀ ਨੂੰ ਦਸਤਾਰ ਸਜਾਉਣ ਦੀ ਤਾਕੀਦ ਕੀਤੀ ਅਤੇ ਮੇਰੇ ਲਈ ਦਸਤਾਰ ਦਾ ਲਾਜ਼ਮੀ ਨਾ ਹੋਣ ਬਾਰੇ ਕਿਹਾ, ਤਾਂ ਮੈਨੂੰ ਥੋੜ੍ਹੀ ਨਿਰਾਸ਼ਾ ਮਹਿਸੂਸ ਹੋਈ। ਮੈਨੂੰ ਲੱਗਿਆ ਕਿ ਇਹ ਬਿਲਕੁਲ ਉਚਿਤ ਨਹੀਂ ਹੈ। ਪਰ ਫਿਰ ਮੈਂ ਬਿਨਾਂ ਕੋਈ ਸਵਾਲ ਜਾਂ ਹੀਲ-ਹੁੱਜਤ ਕੀਤੇ, ਦੱਸੀ ਹੋਈ ਰਹਿਤ ਦੀ ਪਾਲਣਾ ਸ਼ੁਰੂ ਕਰ ਦਿੱਤੀ।

ਦੋ ਸਾਲਾਂ ਬਾਅਦ, ਅਸੀਂ ਬਾਬਾ ਜੀ ਦੇ ਭਤੀਜੇ ਨੂੰ ਮਿਲੇ। ਉਹ ਬਹੁਤ ਹੀ ਸਾਦੇ ਜੀਵਨ ਵਾਲੇ ਚੰਗੇ ਸੁਹਿਰਦ ਗੁਰਸਿੱਖ ਸਨ। ਉਹਨਾਂ ਨੇ ਸਾਨੂੰ ਦੱਸਿਆ ਕਿ, ਬਾਬਾ ਜੀ ਨੇ ਉਹਨਾਂ ਕੋਲ ਇਹ ਭੇਦ ਖੋਲਿਆ ਸੀ ਕਿ ਸਾਡਾ ਅੰਮ੍ਰਿਤ ਛਕਣਾ ਕੋਈ ਆਮ ਘਟਨਾ ਨਹੀਂ ਸੀ। ਬਾਬਾ ਜੀ, ਜਗਦੀਸ਼ ਨੂੰ ਪਿਛਲੇ ਤਿੰਨ ਜਨਮਾਂ ਤੋਂ ਜਾਣਦੇ ਸਨ। ਜਗਦੀਸ਼ ਨੇ ਆਪਣੇ ਪਿਛਲੇ ਜੀਵਨ ਵਿੱਚ ਬਹੁਤ ਸਾਰੇ ਸੰਤਾਂ ਅਤੇ ਭਗਤਾਂ ਦੀ ਸੇਵਾ ਕੀਤੀ ਸੀ ਅਤੇ ਬਾਬਾ ਜੀ ਨੂੰ ਹੁਣ ਗੁਰੂ ਸਾਹਿਬ ਵੱਲੋਂ ਇਹ ਹੁਕਮ ਹੋਇਆ ਸੀ ਕਿ, ਸਿੰਘਾਂ ਦੇ ਨਾਲ ਇੱਥੇ ਆ ਕੇ ਇਹ ਸੁਨਿਸ਼ਚਿਤ ਕਰੋ ਕਿ, ਇਨ੍ਹਾਂ ਦੋਹਾਂ ਰੂਹਾਂ ਨੂੰ ਅੰਮ੍ਰਿਤ ਦੀ ਦਾਤ ਪ੍ਰਾਪਤ ਹੋਵੇ। ਇਹ ਬਹੁਤ ਪੱਕੇ ਰਹਿਤਵਾਨ ਸਿੰਘ ਬਣਨਗੇ। ਫਿਰ ਆਪਣਾ ਸੰਦੇਸ਼ ਦੇ ਕੇ, ਗੁਰੂ ਸਾਹਿਬ ਚਲੇ ਗਏ ਸਨ। ਇਹ ਰੌਂਗਟੇ ਖੜੇ ਕਰਨ ਵਾਲੀ, ਅਚੰਭੇ ਭਰੀ ਵਾਰਤਾ ਸੁਣ ਕੇ, ਸਾਡੇ ਕੋਲ ਕੁਛ ਕਹਿਣ ਨੂੰ ਕੋਈ ਸ਼ਬਦ ਨਹੀਂ ਸਨ ਰਹੇ।

ਅੰਮ੍ਰਿਤ ਦੀ ਬਖ਼ਸ਼ਿਸ਼ ਹੋਣ ਸਾਰ ਹੀ, ਸਾਡੇ ਜੀਵਨ ਵਿੱਚ ਬਦਲਾਵਾਂ ਦਾ ਮਾਨੋ ਵਾ-ਵਰੋਲਾ ਹੀ ਆ ਗਿਆ। ਪਰ ਨਾਲੋ ਨਾਲ ਕੁਛ ਵਾਦ-ਵਿਵਾਦਾਂ ਨੇ ਵੀ ਆ ਕੇ ਦਸਤਕ ਦੇ ਦਿੱਤੀ। ਉਸ ਸਮੇਂ ਸਾਡੀ ਸਥਿਤੀ ਬਹੁਤ ਨਾਜ਼ੁਕ ਸੀ। ਅਸੀਂ ਅਨਜਾਣ ਵਿੱਚ, ਨਾ ਚਾਹੁੰਦੇ ਹੋਏ ਵੀ, ਸੰਗਤ ਦੇ ਧਿਆਨ ਦਾ ਕੇਂਦਰ ਬਣ ਗਏ ਕਿਉਂਕਿ ਅਸੀਂ ਦੋਵੇਂ ਜਾਣੇ ਪੰਜਾਬੀ ਸੱਭਿਆਚਾਰ ਤੋਂ ਬਾਹਰ ਦੇ ਸਾਂ। ਗੁਰਦੁਆਰਾ ਸਾਹਿਬ ਦਾ ਗ੍ਰੰਥੀ, ਸੰਤਾਂ ਬਾਬਿਆਂ ਨੂੰ ਪਸੰਦ ਨਹੀਂ ਸੀ ਕਰਦਾ ਅਤੇ ਝਟਕਾ ਮਾਸ ਖਾਣ ਦਾ ਹਾਮੀ ਸੀ। ਖਾਸ ਕਰਕੇ ਕੁਝ ਗੁਰ ਸਿੱਖਾਂ ਤੋਂ ਉਹ ਬਹੁਤ ਖਾਰ ਖਾਂਦਾ ਸੀ, ਕਿਉਂਕਿ ਉਹ ਲਗਾਤਾਰ ਹਰ ਹਫ਼ਤੇ ਆਸਾ ਦੀ ਵਾਰ ਦੇ ਕੀਰਤਨ ਅਤੇ ਹੋਰ ਕੀਰਤਨ ਦੀ ਸੇਵਾ, ਬਿਨਾ ਅੱਕੇ-ਥੱਕੇ, ਨਿਸ਼ਕਾਮ ਹੋ ਕੇ ਕਰਿਆ ਕਰਦੇ ਸਨ, ਜਿਸ ਨਾਲ ਉਸਦੀ ਗੁਰੂ ਘਰ ਤੋਂ ਕਮਾਈ ਵਿੱਚ ਘਾਟਾ ਪੈਂਦਾ ਸੀ।

ਇਕ ਪਰ-ਉਪਕਾਰੀ ਗੁਰਸਿੱਖ ਸਨ, ਭਾਈ ਮਨਮੋਹਨ ਸਿੰਘ ਜੀ, ਜਿਨ੍ਹਾਂ ਨੇ ਸਾਨੂੰ ਆਪਣੀ ਸ਼ਰਣ ਵਿੱਚ ਰੱਖ ਕੇ ਗੁਰਮਤਿ ਅਤੇ ਗੁਰਬਾਣੀ ਭੁੰਚਣ ਦੇ ਸੱਚੇ ਆਹਾਰ ਵਿੱਚ ਲਾ ਦਿੱਤਾ। ਉਹ ਬਹੁਤ ਹੀ ਪ੍ਰੇਮ ਨਾਲ, ਧੁਰ ਹਿਰਦੇ ਵਿੱਚੋਂ ਰਸ ਭਿੰਨਾ ਕੀਰਤਨ ਕਰਿਆ ਕਰਦੇ। ਉਹਨਾਂ ਦੇ ਸਪੁੱਤਰ ਨੇ ਮੈਨੂੰ ਬਹੁਤ ਹੀ ਅਨੰਦ-ਮਈ ਕੀਰਤਨ ਦੀ ਇੱਕ ਟੇਪ ਦਿੱਤੀ, ਜੋ ਮੇਰੀ ਸੁਰਤ ਨੂੰ ਕਿਸੇ ਅਲੌਕਿਕ ਵਿਸਮਾਦੀ ਰੰਗ ਵਿੱਚ ਲੈ ਜਾਂਦੀ ਸੀ।

ਮੈਨੂੰ ਗੁਰਬਾਣੀ ਦੇ ਅਰਥਾਂ ਦੀ ਕੋਈ ਬਹੁਤੀ ਸੋਝੀ ਨਹੀਂ ਸੀ, ਪਰ ਗੁਰਬਾਣੀ ਦੇ ਬੋਲ, ਤੀਖਣ ਬਾਣ ਵਾਂਗ ਮੇਰੇ ਹਿਰਦੇ ਨੂੰ ਵਿੰਨ੍ਹ ਕੇ ਬੈਰਾਗੀ ਕਰ ਜਾਂਦੇ ਸਨ। ਇੱਕ ਦਿਨ ਜਦੋਂ ਮੈਂ ਗੁਰੂ-ਘਰ ਅੰਦਰ ਦਾਖਲ ਹੋਈ ਤਾਂ ਉਸ ਵੇਲੇ ਹੁਕਮਨਾਮਾ ਲਿਆ ਜਾ ਰਿਹਾ ਸੀ। 'ਮੇਰੈ ਮਨ ਪ੍ਰੇਮੁ ਲਗੋ ਹਰਿ ਤੀਰ॥' ਦੀ ਪੰਕਤੀ ਜਦੋਂ ਮੇਰੇ ਕੰਨਾਂ ਵਿੱਚ ਪਈ ਤਾਂ ਆਪ ਮੁਹਾਰੇ ਹੀ ਮੇਰੇ ਅੰਦਰੋਂ ਵੈਰਾਗ ਦਾ ਝਰਨਾ ਫੁੱਟ ਪਿਆ। ਥੰਮ੍ਹਣ ਤੇ ਵੀ ਥੰਮ੍ਹਿਆ ਨਾ ਜਾਵੇ ਅਤੇ ਬਿਹਬਲ ਹੋ ਹੋ ਮੇਰੇ ਨੇਤਰਾਂ ਵਿੱਚੋਂ ਨੀਰ ਵਹੀ ਜਾਵੇ। ਬਾਅਦ ਵਿੱਚ ਜਦੋਂ ਮੈਂ ਹੁਕਮਨਾਮੇ ਦਾ ਅੰਗਰੇਜ਼ੀ ਅਨੁਵਾਦ ਪੜ੍ਹਿਆ, ਤਾਂ ਗੁਰਬਾਣੀ ਦਾ ਮੇਰੇ ਮਨ ਉੱਤੇ ਇੰਨਾਂ ਡੂੰਘਾ ਅਸਰ ਹੋਇਆ ਕਿ, ਮੈਨੂੰ ਕੋਈ ਸੁੱਧ ਬੁੱਧ ਨਾ ਰਹੀ ਅਤੇ ਲਾਇਬ੍ਰੇਰੀ ਵਿੱਚ ਵੀ ਇਸੇ ਮਸਤਾਨੀ ਅਵਸਥਾ ਵਿੱਚ ਵਿਚਰਦੀ ਰਹੀ। ਮੈਨੂੰ ਅਹਿਸਾਸ ਹੋਇਆ ਕਿ ਗੁਰਬਾਣੀ ਸੱਚਮੁੱਚ ਜਿਊਂਦੀ ਹੈ, ਜਾਗਦੀ ਹੈ ਅਤੇ ਮੇਰੇ ਵਰਗੇ ਸੰਘਣੇ ਕਠੋਰ ਮਨ ਨੂੰ ਵੀ ਕੀਲ੍ਹ ਕੇ, ਆਪਣੀ ਅਗੰਮੀ ਰੂਹਾਨੀ ਖੁਸ਼ਬੂ ਨਾਲ ਸਰਸ਼ਾਰ ਕਰਨ ਦੀ ਤਾਕਤ ਰੱਖਦੀ ਹੈ। ਗੁਰਬਾਣੀ, ਜਿਸਦੀ ਕਲਾ ਕ੍ਰਿਸ਼ਮੀ ਪਾਰਸ-ਕਲਾ ਨੂੰ ਮੈਂ ਸਾਖਿਆਤ ਅਨੁਭਵ ਕੀਤਾ ਸੀ, ਉਹ ਸੱਚਮੁੱਚ ਹੀ ਸੱਚਾ ਪ੍ਰਤੱਖ ਗੁਰੂ ਸੀ। ਇਸ ਵਿਸਮਾਦੀ ਵੈਰਾਗੀ ਰੰਗ ਨਾਲ ਓਤ-ਪੋਤ ਹੋਈ, ਮੈਂ ਉਸ ਦਿਨ ਬਹੁਤ ਲੰਬੇ ਸਮੇਂ ਲਈ ਲਾਇਬ੍ਰੇਰੀ ਵਿੱਚ ਹੀ ਰਹੀ।

ਉਨੀ ਦਿਨੀਂ ਜ਼ਿੰਦਗੀ ਵਿੱਚ ਬਹੁਤ ਤੇਜ਼ੀ ਨਾਲ ਬਹੁਤ ਕੁਛ ਘਟ ਰਿਹਾ ਸੀ। ਇੱਕ ਦਿਨ ਅਸੀਂ ਸੰਗਤ ਦੇ ਨਾਲ Yuba City (ਯੂਬਾ ਸਿਟੀ) ਗਏ। ਜਦੋਂ ਮੈਂ ਗੁਰੂ ਘਰ ਅੰਦਰ ਵੜੀ, ਇੱਕ ਵੱਡੇ ਦੁਮਾਲੇ ਵਾਲੇ ਬੀਬੀ ਜੀ ਮੇਰੇ ਕੋਲ ਆਏ ਅਤੇ ਪੰਜਾਬੀ ਵਿੱਚ ਪੁੱਛਿਆ ਕਿ 'ਤੁਹਾਡੀ ਦਸਤਾਰ ਕਿੱਥੇ ਹੈ?' ਮੈਂ ਸ਼ਰਮੀਲੀ ਸੀ ਅਤੇ ਮੈਨੂੰ ਨਹੀਂ ਪਤਾ ਸੀ ਕਿ ਦਸਤਾਰ ਦਾ ਕੀ ਅਰਥ ਹੈ। ਉਹਨਾਂ ਨੇ ਫਿਰ ਅੰਗਰੇਜ਼ੀ ਵਿੱਚ ਦੁਹਰਾਇਆ 'your turban?' ਫਿਰ ਜਦੋਂ ਬੀਬੀ ਜੀ ਨੇ ਆਪਣੀ ਦਸਤਾਰ ਦੀ ਇੱਕ ਪਰਤ ਨੂੰ ਖੋਲ੍ਹ ਕੇ, ਮੇਰੇ ਸਿਰ ਉੱਤੇ ਲਪੇਟ ਦਿੱਤਾ ਤਾਂ ਮੇਰੀ ਖੁਸ਼ੀ ਦੀ ਕੋਈ ਹੱਦ ਨਾ ਰਹੀ ਅਤੇ ਮੇਰਾ ਚਿੱਤ ਖੇੜੇ ਨਾਲ ਖਿੜ ਗਿਆ। ਮੈਨੂੰ ਇਸ ਤਰਾਂ ਮਹਿਸੂਸ ਹੋਇਆ ਜਿਵੇਂ ਮੇਰੇ ਗੁਰੂ ਸਾਹਿਬ ਜੀ, ਆਪ ਹੀ ਹੁਕਮ ਕਰ ਕੇ, ਆਪ ਹੀ ਆਪਣੇ ਹੱਥਾਂ ਨਾਲ, ਮੇਰੇ ਸਿਰ ਤੇ ਦਸਤਾਰ ਸਜਾ ਰਹੇ ਹੋਣ। ਪਰ ਇਸ ਰਹਿਤ ਨੂੰ ਸਾਂਭੀ ਰੱਖਣ ਅਤੇ ਤੋੜ ਨਿਭਾਉਣ ਲਈ, ਮੇਰੇ ਲਈ ਸਾਰੀਆਂ ਦਿਸ਼ਾਵਾਂ ਤੋਂ ਸਖ਼ਤ ਪਰਚੇ ਅਜੇ ਪੈਣੇ ਸਨ। ਮੈਂ ਸਾਦੇ ਕੱਪੜੇ ਹੀ ਪਾਉਂਦੀ ਸੀ। ਗਹਿਣੇ, ਭੜਕੀਲੇ ਲਿਬਾਸ ਅਤੇ ਫੈਸ਼ਨ-ਪ੍ਰਸਤੀ ਨੇ ਮੇਰੇ ਲਈ ਆਪਣੇ ਸਾਰੇ ਮਾਅਨੇ ਅਤੇ ਅਰਥ ਗੁਆ ਦਿੱਤੇ ਸਨ। ਮੇਰੇ ਸਿੰਘ ਸਾਬ੍ਹ ਹੈਰਾਨ ਸਨ ਕਿ ਉਹਨਾਂ ਦੀ ਸਿੰਘਣੀ ਨਾਲ ਕੀ ਹੋ ਰਿਹਾ ਹੈ। ਇੱਕ ਰਾਤ ਸਿੰਘ ਸਾਬ੍ਹ ਨਾਲ ਦਸਤਾਰ ਬਾਰੇ ਕਾਫ਼ੀ ਬਹਿਸ ਹੋਈ, ਤੇ ਮੈਂ ਰੋਂਦੀ ਹੋਈ ਗੁਰਦੁਆਰਾ ਸਾਹਿਬ ਵੱਲ ਨੂੰ ਚਲ ਪਈ, ਅਤੇ ਤੁਰਦੇ ਤੁਰਦੇ ਹਰ ਕਦਮ ਨਾਲ 'ਵਾਹਿਗੁਰੂ' ਸ਼ਬਦ ਉੱਚੀ ਆਵਾਜ਼ ਵਿੱਚ ਉਚਾਰਣਾ ਸ਼ੁਰੂ ਕਰ ਦਿੱਤਾ। ਜਲਦੀ ਹੀ ਇਕ ਬਹੁਤ ਅਦਭੁੱਤ ਨਜ਼ਾਰਾ ਵਾਪਰਿਆ ਅਤੇ ਵਾਹਿਗੁਰੂ ਗੁਰਮੰਤ੍ਰ ਮੇਰੇ ਸਵਾਸਾਂ ਰਾਹੀਂ ਚੱਲਣਾ ਸ਼ੁਰੂ ਹੋ ਗਿਆ, ਅਤੇ ਇਸ ਵਿਸਮਾਦੀ ਦਿਸ਼ਾ ਵਿੱਚ ਮੈਂ ਕਦੋਂ ਤੇ ਕਿਵੇਂ ਗੁਰਦੁਆਰਾ ਸਾਹਿਬ ਪਹੁੰਚ ਗਈ, ਮੈਨੂੰ ਕੁਛ ਯਾਦ ਨਹੀਂ। ਪਹੁੰਚਣ ਉਪਰੰਤ, ਮੈਂ ਉੱਥੇ ਬੈਠ ਕੇ ਸਿਮਰਨ ਕਰਨ ਵਿੱਚ ਜੁੱਟੀ ਰਹੀ। ਪਰ ਪਤਾ ਨਹੀਂ ਕਿਓਂ ਮੈਨੂੰ ਅੰਤਰ ਆਤਮੇ ਇਸ ਤਰਾਂ ਅਨੁਭਵ ਹੋ ਰਿਹਾ ਸੀ ਕਿ, ਗੁਰੂ ਸਾਹਿਬ ਜੀ ਵੱਲੋਂ ਤਰੁੱਠ ਕੇ ਬਖ਼ਸ਼ੀ ਹੋਈ ਇਹ ਕੀਮਤੀ ਸੌਗਾਤ, ਥੋੜ੍ਹੇ ਸਮੇਂ ਲਈ ਹੀ ਮੇਰੇ ਕੋਲ ਰਹੇਗੀ, ਜੇਕਰ ਮੈਂ ਜਲਦ ਹੀ ਗੁਰੂ ਸਾਹਿਬ ਜੀ ਦੀ ਹਜ਼ੂਰੀ ਵਿੱਚ ਪੰਜਾਂ ਪਿਆਰਿਆਂ ਦੀ ਸ਼ਰਣ ਵਿੱਚ ਢਹਿ ਕੇ, ਉਹਨਾਂ ਕੋਲੋਂ ਇਹ ਅਸੀਮ ਬਖ਼ਸ਼ਿਸ਼, ਸਦੀਵੀ ਤੌਰ ਤੇ ਹਾਸਲ ਕਰਨ ਦੀ ਅਭਿਲਾਖੀ ਨਾ ਬਣੀ।

ਪਰ ਗੁਰਸਿੱਖੀ ਮਾਰਗ ਦੇ ਉਹ ਸ਼ੁਰੂਆਤੀ ਦਿਨ, ਸਾਡੇ ਲਈ ਬਹੁਤ ਉਲਝਣਾਂ ਭਰੇ ਅਤੇ ਭੰਬਲ਼ ਭੂਸੇ ਵਾਲੇ ਸਨ। ਇੱਕ ਧਿਰ ਨੇ ਇੱਕ ਸਲਾਹ ਦੇਣੀ ਤੇ ਦੂਸਰੀ ਨੇ ਕੁਝ ਹੋਰ ਕਹਿ ਦੇਣਾ। ਅਸੀਂ ਇਸ ਰੱਸਾ-ਕੱਸੀ ਦੀ ਖੇਡ ਵਿੱਚ ਫੱਸ ਕੇ ਪਿੱਸ ਰਹੇ ਸੀ। ਮੇਰੇ ਸਿੰਘ ਸਾਬ੍ਹ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਤੋਂ ਜ਼ਿਆਦਾ ਪ੍ਰਭਾਵਿਤ ਸਨ ਜਦਕਿ ਮੇਰਾ ਭਾਈ ਮਨਮੋਹਨ ਸਿੰਘ ਜੀ ਦੇ ਕਹੇ ਬਚਨਾਂ ਉਤੇ ਵਧੇਰੇ ਵਿਸ਼ਵਾਸ ਬੱਝਦਾ ਸੀ। ਇਸੇ ਦੌਰਾਨ, ਗੁਰੂ ਭਾਣੇ ਅੰਦਰ, ਢਿੱਲ ਦਾ ਇੱਕ ਐਸਾ ਅਭਾਗਾ ਪਲ ਵੀ ਆਇਆ, ਜਦੋਂ ਅਸੀਂ ਗ੍ਰੰਥੀ ਸਿੰਘ ਦੀਆਂ ਗੱਲਾਂ ਵਿੱਚ ਆ ਕੇ, ਮਾਸ ਖਾਣ ਦੀ ਭੁੱਲ ਕਰ ਬੈਠੇ ਅਤੇ ਗੁਰੂ ਦਰਸਾਈ ਰਹਿਤ ਦੀ ਉਲੰਘਣਾ ਕਰ ਲਈ। ਮੈਂ ਪਹਿਲੀ ਬੁਰਕੀ ਮੂੰਹ ਵਿੱਚ ਪਾਉਣ ਸਾਰ ਹੀ, ਬਿਨਾ ਅੰਦਰ ਲੰਘਾਏ, ਥੁੱਕ ਦਿੱਤੀ ਅਤੇ ਆਪਣੇ ਸਿੰਘ ਸਾਬ੍ਹ ਨੂੰ ਵੀ ਐਸਾ ਹੀ ਕਰਨ ਨੂੰ ਕਿਹਾ। ਮੈਨੂੰ ਅੰਦਰੋਂ-ਅੰਦਰ ਇਹ ਮਹਿਸੂਸ ਹੋ ਰਿਹਾ ਸੀ ਕਿ ਅਸੀਂ ਕੁਛ ਬਹੁਤ ਹੀ ਗਲਤ ਕਰ ਰਹੇ ਹਾਂ। ਪਹਿਲਾਂ ਤਾਂ ਉਹਨਾਂ ਨੇ ਮੇਰੀ ਗੱਲ ਨਹੀਂ ਮੰਨੀ। ਪਰ ਬਾਅਦ ਵਿੱਚ ਇਸ ਮਸਲੇ ਤੇ ਵਿਸਥਾਰ ਸਹਿਤ ਕੁਛ ਹੋਰ ਡੂੰਘੀ ਸੋਚ ਵਿਚਾਰ ਕਰਨ ਮਗਰੋਂ, ਅਸਾਂ ਦੋਵਾਂ ਨੇ, ਵਾਹਿਗੁਰੂ ਸੱਚੇ ਪਾਤਸ਼ਾਹ ਜੀ ਅੱਗੇ, ਸਾਡੇ ਵੱਲੋਂ ਹੋਈ ਕੁਰਹਿਤ ਨੂੰ ਬਖ਼ਸ਼ ਦੇਣ ਦੀਆਂ ਜੋਦੜੀਆਂ ਤੇ ਮਿੰਨਤਾਂ ਕੀਤੀਆਂ, ਅਤੇ ਪ੍ਰਣ ਕੀਤਾ ਕਿ ਅਸੀਂ ਪੰਜ ਪਿਆਰਿਆਂ ਦੇ ਸਨਮੁੱਖ ਪੇਸ਼ ਹੋਕੇ ਆਪਣੀ ਭੁੱਲ ਬਖ਼ਸ਼ਾਵਾਂਗੇ।

ਇਸੇ ਦੌਰਾਨ, ਫਿਰ ਇਕ ਦਿਨ ਐਸਾ ਆਇਆ ਕਿ ਮੇਰੇ ਸਿੰਘ ਸਾਬ੍ਹ, ਗੁਰਮਤਿ ਰਹਿਤ ਦੇ ਪ੍ਰਚਲਿਤ ਅੱਡੋ ਅੱਡ

ਸਿਧਾਂਤਾਂ ਅਤੇ ਇਹਨਾਂ ਤੋਂ ਉਪਜੇ ਵਿਵਾਦਾਂ ਤੋਂ ਖਿੱਝ ਕੇ, ਬਹੁਤ ਪਰੇਸ਼ਾਨ ਹੋ ਗਏ, ਅਤੇ ਉਨ੍ਹਾਂ ਨੇ ਸਭ ਵਿਵਾਦਿਤ ਮੁੱਦਿਆਂ ਨੂੰ ਖੁਦ ਗੁਰੂ ਸਾਹਿਬ ਜੀ ਕੋਲ ਲੈ ਕੇ ਜਾਣ ਦਾ ਫੈਸਲਾ ਕਰ ਲਿਆ। ਤਾਂ ਜੋ ਬਾਰ ਬਾਰ ਉਲਝਣਾਂ ਵਿੱਚ



ਫਸਣ ਦੀ ਬਜਾਏ, ਅਸੀਂ ਗੁਰੂ ਸਾਹਿਬ ਵੱਲੋਂ ਕੀਤੇ ਨਿਰਣੇ ਰਾਹੀਂ, ਇਹਨਾਂ ਸਭ ਵਿਵਾਦਾਂ ਨੂੰ ਇੱਕੋ ਵਾਰੀ ਹਮੇਸ਼ਾ ਲਈ ਸੁਲਝਾ ਲਈਏ। ਮੈਂ ਦੋਇ ਹੱਥ ਜੋੜ ਕੇ, ਭਿੱਜੇ ਨੈਣਾਂ ਨਾਲ, ਅਤਿ ਬਿਹਬਿਲਤਾ ਵਿੱਚ ਆ ਕੇ ਗੁਰੂ ਸਾਹਿਬ ਜੀ ਅੱਗੇ ਜੋਦੜੀਆਂ ਅਰਜੋਈਆਂ ਕੀਤੀਆਂ ਕਿ ਉਹ ਸਾਨੂੰ ਗੁਰਮਤਿ ਦਾ ਸੱਚਾ ਮਾਰਗ ਦਿਖਾਉਣ। ਪਹਿਲਾਂ ਤਾਂ ਮੈਨੂੰ ਬਹੁਤ ਡਰ ਲੱਗ ਰਿਹਾ ਸੀ, ਪਰ ਬਾਅਦ ਵਿੱਚ ਮੈਂ ਗੁਰੂ ਸਾਹਿਬ ਜੀ ਤੇ ਦ੍ਰਿੜ ਭਰੋਸਾ ਰੱਖ ਕੇ ਇਹ ਫੈਸਲਾ ਕੀਤਾ ਕਿ ਗੁਰੂ ਪਾਤਸ਼ਾਹ ਜੀ ਦਾ ਜੋ ਵੀ ਅੰਤਿਮ ਨਿਰਣਾ ਹੋਵੇਗਾ ਮੈਂ ਉਸ ਨੂੰ ਇੰਨ-ਬਿੰਨ, ਮੰਨ-ਬੱਚ-ਕਰਮ ਕਰਕੇ ਮੰਨਾਂਗੀ ਅਤੇ ਕਮਾਵਾਂਗੀ, ਭਾਵੇਂ ਜੋ ਮਰਜ਼ੀ ਹੋਵੇ। ਮੇਰੇ ਸਿੰਘ ਸਾਬ੍ਹ ਨੇ ਗੁਰੂ ਸਾਹਿਬ ਜੀ ਅੱਗੇ ਅਰਦਾਸ ਬੇਨਤੀ ਕੀਤੀ ਅਤੇ ਇੱਕ ਪਾਣੀ ਦੇ ਡੌਂਗੇ ਵਿੱਚ ਕੁਝ ਕਾਗ਼ਜ਼ ਦੇ ਟੁਕੜੇ ਮੋੜ ਕੇ ਰੱਖ ਦਿੱਤੇ। ਅਸੀਂ ਮਨ ਵਿੱਚ ਇਹ ਵਿਸ਼ਵਾਸ ਬਣਾਇਆ ਸੀ ਕਿ ਜਿਹੜੇ ਕਾਗਜ਼ ਦੇ ਟੁਕੜੇ ਅਗਲੇ ਦਿਨ ਤੱਕ ਵੀ ਪਾਣੀ ਦੇ ਉੱਪਰ ਤਰਦੇ ਰਹਿ ਜਾਣਗੇ, ਉਹ ਹੀ ਗੁਰੂ ਸਾਹਿਬ ਜੀ ਦਾ ਹੁਕਮ ਹੋਣਗੇ। ਉਨ੍ਹਾਂ ਨੇ ਗੁਰੂ ਸਾਹਿਬ ਜੀ ਨੂੰ ਪੁੱਛਿਆ ਸੀ ਕਿ ਝਟਕਾ ਮਾਸ ਖਾਣਾ ਰਹਿਤ ਦਾ ਹਿੱਸਾ ਹੈ ਜਾਂ ਨਹੀਂ, ਕੇਸਕੀ ਲਾਜ਼ਮੀ ਰਹਿਤ ਹੈ ਜਾਂ ਨਹੀਂ, ਰਾਗਮਾਲਾ ਬਾਣੀ ਹੈ ਜਾਂ ਨਹੀਂ।

ਅਗਲੀ ਸਵੇਰ, ਅੰਮ੍ਰਿਤ ਵੇਲੇ, ਮੇਰੇ ਸਿੰਘ ਸਾਬ੍ਹ ਦੀ ਆਪ ਮੁਹਾਰੇ ਹੀ ਜਾਗ ਖੁੱਲ ਗਈ। ਉਨ੍ਹਾਂ ਨੂੰ ਸੱਚ-ਖੰਡ ਦੇ ਸਾਂਗੋ ਪਾਂਗ ਅਦਭੁਤ ਦਿੱਬ ਦਰਸ਼ਨ ਹੋ ਰਹੇ ਸਨ। ਉਸ ਵਿੱਚ, ਸਾਰੇ ਬ੍ਰਹਿਮੰਡ ਨੂੰ ਅਗੰਮੀ ਚਲੂਲੇ ਰਸ ਨਾਲ ਸਿਰਸ਼ਾਰ ਕਰਨ ਵਾਲੇ ਕੀਰਤਨ ਦੀ ਇੱਕ ਅਲੌਕਿਕ ਧੁਨੀ, ਸਾਰੇ ਪਾਸੇ ਗੂੰਜ ਰਹੀ ਸੀ। ਉਥੇ ਉਨ੍ਹਾਂ ਨੂੰ ਇਕ ਗੁਰਮੁਖ ਪਿਆਰੇ ਕੀਰਤਨੀਏ ਦੀ ਬਹੁਤ ਹੀ ਉੱਚੀ, ਮਹੀਨ ਤੇ ਪੰਚਮ ਦੇ ਸੁਰਾਂ ਵਿੱਚ ਹਿਰਦੇ ਵਿੰਨ੍ਹਣ ਵਾਲੀ ਕੀਰਤਨ ਦੀ ਆਵਾਜ਼ ਸੁਣੀ, ਜਿਨ੍ਹਾਂ ਨੇ ਛੋਟੀ ਐਨਕ ਲਗਾਈ ਹੋਈ ਸੀ, ਤੇ ਉਹਨਾਂ ਦਾ ਰੰਗ ਭੂਰਾ ਕਣਕਵੰਨਾ ਸੀ, ਅਤੇ ਉਹਨਾਂ ਦਾ ਗਦ-ਗਦ ਕਰਦਾ ਚਿਹਰਾ ਲਾਲ ਸੁਰਖ਼ ਚਮਕ ਰਿਹਾ ਸੀ, ਜਿਸਦਾ ਤੇਜ ਝੱਲਿਆ ਨਹੀਂ ਸੀ ਜਾਂਦਾ। ਉੱਥੇ ਬਿਰਾਜਮਾਨ ਸਾਰੇ ਹੀ ਖਾਲਸਿਆਂ ਨੇ ਦਸਤਾਰਾਂ ਸਜਾਈਆਂ ਹੋਈਆਂ ਸਨ ਅਤੇ ਗੁਰਮੁਖੀ ਬਾਣਾ ਪਹਿਨਿਆ ਹੋਇਆ ਸੀ (ਪੁਰਸ਼ ਅਤੇ ਔਰਤਾਂ ਸਮੇਤ)। ਮੰਚ ਤੇ ਸਤਿਗੁਰੂ ਸੱਚੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਬਿਰਾਜਮਾਨ ਸਨ, ਜਿਨਾਂ ਦਾ ਲੰਬਾ ਪ੍ਰਕਾਸ਼ ਚਿੱਟਾ ਦਾੜ੍ਹਾ ਸੀ ਅਤੇ ਚਿਹਰਾ ਹੋਰ ਵੀ ਜ਼ਿਆਦਾ ਅਨੂਠੀ ਚਮਕ, ਤੇਜ-ਪ੍ਰਤਾਪ ਅਤੇ ਜਲੌਅ ਵਾਲਾ ਸੀ। ਮੇਰੇ ਸਿੰਘ ਸਾਬ੍ਹ ਵੈਰਾਗਮਈ ਸਥਿਤੀ ਵਿੱਚ, ਨੀਰ ਭਰੇ ਨੈਣਾਂ ਨਾਲ, ਗਿੜ-ਗਿੜਾਉਂਦੇ ਹੋਏ ਗੁਰੂ ਸਾਹਿਬ ਜੀ ਦੇ ਚਰਨਾਂ ਵਿੱਚ ਢਹਿ ਪਏ ਅਤੇ ਗੁਰੂ ਸਾਹਿਬ ਜੀ ਨੇ ਫ਼ੁਰਮਾਇਆ, "ਤੁਹਾਨੂੰ ਹੁਣ ਹੋਰ ਬਿਹਬਲ ਹੋਣ ਦੀ ਲੋੜ ਨਹੀਂ, ਕਿਉਂਕਿ ਹੁਣ ਤੁਸੀਂ ਆਪਣੇ ਨਿੱਜ ਘਰ ਵਿੱਚ ਆ ਗਏ ਹੋ।" ਇਸ ਦਿੱਬ ਸੱਚ-ਖੰਡੀ ਨਜ਼ਾਰੇ ਦੇ ਦਰਸ਼ਨ ਕਰਨ ਉਪਰੰਤ, ਸਿੰਘ ਸਾਬ੍ਹ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਅਤੇ ਕੀ ਦੇਖਦੇ ਹਨ ਕਿ ਗੁਰੂ ਸਾਹਿਬ ਜੀ ਦੇ ਸਰੂਪ ਵਿੱਚੋਂ ਅੱਖਾਂ ਨੂੰ ਚੁੰਧਿਆ ਦੇਣ ਵਾਲੀ ਤੇਜ਼ ਰੌਸ਼ਨੀ ਦਾ ਇੱਕ ਗੋਲਾ ਉਮੜ੍ਹ ਰਿਹਾ ਹੈ। ਫਿਰ ਇੱਕ ਗ਼ੈਬੀ ਆਵਾਜ਼ ਆਈ, ਜਿਸਨੇ ਸਪਸ਼ਟ ਸ਼ਬਦਾਂ ਵਿੱਚ ਕਿਹਾ, "ਕੇਸਕੀ ਮੇਰੀ ਰਹਿਤ ਹੈ। ਤੁਹਾਡੀ ਸਿੰਘਣੀ ਇਸ ਨੂੰ ਰੱਖ ਕੇ ਸੱਚੀ ਭਗਤ ਹੀ ਬਣ ਰਹੀ ਹੈ। ਰਾਗਮਾਲਾ ਮੇਰੀ ਬਾਣੀ ਨਹੀਂ ਹੈ। ਮਾਸ ਨਾ ਖਾਓ।" ਇਸ ਸਾਰੇ ਚਮਤਕਾਰੀ ਕੌਤਕ ਨੇ ਮੇਰੇ ਸਿੰਘ ਸਾਬ੍ਹ ਨੂੰ ਬਹੁਤ ਵਿਆਕੁਲ ਕਰ ਦਿੱਤਾ ਅਤੇ ਜਿਵੇਂ ਹੀ ਮੈਂ ਉਸ ਕਮਰੇ ਵਿੱਚ ਦਾਖਲ ਹੋਈ ਤਾਂ ਉਹ ਮੇਰੇ ਪੈਰਾਂ ਤੇ ਡਿੱਗ ਪਏ ਅਤੇ ਅਤਿਅੰਤ ਬਿਹਬਲਤਾ ਵਿੱਚ ਆ ਕੇ ਪਸ਼ਚਾਤਾਪ ਕਰਨ ਲੱਗੇ। ਮੈਂ ਉਨ੍ਹਾਂ ਨੂੰ ਪਿਆਰ ਨਾਲ ਖੜ੍ਹਾ ਕੀਤਾ ਅਤੇ ਰਾਹਤ ਦਾ ਡੂੰਘਾ ਸਾਹ ਲਿਆ। ਸਾਡੀ ਅਜ਼ਮਾਇਸ਼ ਅਤੇ ਗੁਰੂ ਸਾਹਿਬ ਵੱਲੋਂ ਪਾਏ ਪਰਚਿਆਂ ਦਾ ਸਿਲਸਿਲਾ ਖਤਮ ਹੋ ਗਿਆ ਸੀ ਅਤੇ ਗੁਰਮਤਿ ਦਾ ਸੱਚਾ ਮਾਰਗ ਦਰਸਾਉਣ ਲਈ, ਮੈਂ ਗੁਰੂ ਸਾਹਿਬ ਜੀ ਦਾ ਤਹਿ ਦਿਲ ਤੋਂ ਨਿਮਰਤਾ ਸਹਿਤ ਸ਼ੁਕਰਾਨਾ ਕੀਤਾ। ਇਸ ਅਦਭੁਤ ਵਰਤਾਰੇ ਨੇ ਸਾਡੇ ਧਾਰਮਿਕ ਵਿਸ਼ਵਾਸ ਤੇ ਅਕੀਦੇ ਨੂੰ ਐਨਾ ਪੱਕਾ ਕਰ ਦਿੱਤਾ, ਤੇ ਸਾਡੇ ਭਵਿੱਖ ਦੇ ਅਧਿਆਤਮਿਕ ਰਾਹ ਨੂੰ ਇਸ ਕਦਰ ਰੁਸ਼ਨਾ ਦਿੱਤਾ ਕਿ, ਫਿਰ ਕਦੀ ਕਿਸੇ ਵੀ ਸੱਜਣ ਨੇ ਸਾਨੂੰ ਕੁਛ ਵੱਖਰਾ ਕਹਿ ਕੇ ਉਲਝਾਇਆ ਨਹੀ। ਮੇਰੇ ਸਿੰਘ ਸਾਬ੍ਹ ਨੇ ਉਸ ਸੱਚ-ਖੰਡੀ ਨਜ਼ਾਰੇ ਵਿੱਚ ਪੇਖੇ, ਕੀਰਤਨੀਏ ਗੁਰਮੁਖ ਦਾ ਵਰਣਨ ਭਾਈ ਮਨਮੋਹਨ ਸਿੰਘ ਜੀ ਕੋਲ ਕੀਤਾ। ਜਦੋਂ ਉਨ੍ਹਾਂ ਨੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਤਸਵੀਰ ਦਿਖਾਈ ਤਾਂ ਮੇਰੇ ਸਿੰਘ ਸਾਬ੍ਹ ਨੇ ਝੱਟ ਪਛਾਣ ਲਿਆ

ਅਤੇ ਕਿਹਾ ਕਿ ਇਹ ਉਹ ਸੱਚ-ਖੰਡ ਵਾਲੇ ਕੀਰਤਨੀਏ ਗੁਰਮੁਖ ਹੀ ਹਨ। ਉਸ ਵੇਲੇ ਤੱਕ ਅਸੀਂ ਕਦੇ ਭਾਈ ਸਾਹਿਬ ਦੀ ਕੋਈ ਤਸਵੀਰ ਨਹੀਂ ਸੀ ਦੇਖੀ। ਇਹ ਸਭ ਜਾਣ ਕੇ, ਭਾਈ ਮਨਮੋਹਨ ਸਿੰਘ ਵੀ ਹੈਰਾਨ ਤੇ ਅਚੰਭਿਤ ਰਹਿ ਗਏ ਸਨ।

ਥੋੜ੍ਹੀ ਦੇਰ ਬਾਅਦ ਅਸੀਂ ਪੰਜ ਪਿਆਰਿਆਂ ਦੇ ਸਨਮੁੱਖ ਪੇਸ਼ ਹੋਏ ਅਤੇ ਸਾਡੇ ਕੋਲੋਂ ਹੋਈਆਂ ਭੁੱਲਾਂ ਅਤੇ ਤ੍ਰੁਟੀਆਂ ਦੀ ਸਾਰੀ ਵਿਥਿਆ, ਸੱਚੋਸੱਚ ਸੁਣਾ ਦਿੱਤੀ। ਅਸੀਂ ਬਹੁਤ ਡਰੇ ਹੋਏ ਸੀ ਕਿਉਂਕਿ ਬਹੁਤ ਸਾਰੇ ਗੁਰਸਿੱਖ, ਜੋ ਪੰਜਾਂ ਪਿਆਰਿਆਂ ਵਿੱਚ ਸੇਵਾ ਕਰਨ ਤੋਂ ਪਹਿਲਾਂ, ਸੋਧ-ਸੁਧਾਈ ਲਈ ਅੰਦਰ ਸੱਦੇ ਜਾ ਰਹੇ ਸਨ, ਉਹ ਰੋਂਦੇ ਵਿਲਕਦੇ ਹੋਏ ਬਾਹਰ ਆ ਰਹੇ ਸਨ। ਲੱਗਭਗ ੬੫ ਸਿੰਘਾਂ ਨੂੰ ਕਿਸੇ ਨਾ ਕਿਸੇ ਕਾਰਨ ਕਰਕੇ, ਪੰਜਾਂ ਦੀ ਉੱਤਮ ਸੇਵਾ ਵਿੱਚ ਸ਼ਾਮਿਲ ਹੋਣ ਤੋਂ ਮਨਾ ਕਰ ਦਿੱਤਾ ਗਿਆ ਸੀ। ਦੋ ਬਜ਼ੁਰਗ ਬੀਬੀਆਂ, ਜੋ ਸੋਧ-ਸੁਧਾਈ ਵਿੱਚ ਯੋਗ ਜਾਣੀਆਂ ਗਈਆਂ, ਪੰਜ ਪਿਆਰਿਆਂ ਵਿੱਚ ਸ਼ਾਮਿਲ ਸਨ ਅਤੇ ਇੱਕ ਬੀਬੀ ਜੀ ਪਹਿਰੇਦਾਰ ਦੀ ਸੇਵਾ ਨਿਭਾ ਰਹੇ ਸਨ। ਗੁਰੂ ਸਾਹਿਬ ਜੀ ਦੇ ਸਨਮੁੱਖ ਜਾਣ ਸਮੇਂ, ਆਪਣੇ ਕੀਤੇ ਗੁਨਾਹਾਂ ਨੂੰ ਸੋਚ ਕੇ, ਸਾਡੀਆਂ ਲੱਤਾਂ ਕੰਬ ਰਹੀਆਂ ਸਨ। ਅੰਮ੍ਰਿਤ ਸੰਚਾਰ ਵਾਲੇ ਪੂਰੇ ਕਮਰੇ ਦਾ ਮਹੌਲ ਬਹੁਤ ਜ਼ਿਆਦਾ ਅਲੋਕਿਕ ਊਰਜਾ ਨਾਲ ਲਬਰੇਜ਼ ਅਤੇ ਗ਼ੈਬੀ ਤਾਕਤਵਰ ਤਰੰਗਾਂ ਵਾਲਾ ਸੀ। ਕੰਧਾਂ ਵੀ ਨਾਮ ਦੀਆਂ ਗੂੰਜਾਰਾਂ ਨਾਲ ਓਤ-ਪੋਤ ਹੋਕੇ ਧੜਕ ਰਹੀਆਂ ਸਨ। ਵਿਸਮਾਦੀ ਰਸ ਵਿੱਚ ਜ਼ਾਰੋਜ਼ਾਰ ਨਾਮ ਦਾ ਖੰਡਾ ਖੜਕਾ ਕੇ, ਨਾਮ ਦ੍ਰਿੜ੍ਹ ਹੋ ਰਿਹਾ ਸੀ, ਜੋ ਬਿਜਲੀ ਦੀਆਂ ਤਰੰਗਾਂ ਦੀ ਨਿਆਈਂ, ਬਿਨਾਂ ਰੁਕੇ, ਪੂਰੇ ਵੇਗ ਵਿੱਚ ਨਿਰੰਤਰ ਚੱਲ ਰਿਹਾ ਸੀ। ਪਹਿਲੇ ਅੰਮ੍ਰਿਤ ਸੰਚਾਰ ਨਾਲ਼ੋਂ, ਇਹ ਵਾਲਾ ਬਹੁਤ ਹੀ ਵੱਖਰਾ ਸੀ ਅਤੇ ਬਹੁਤ ਜ਼ਿਆਦਾ ਸ਼ਕਤੀਸ਼ਾਲੀ ਸੀ। ਹਿਰਦੇ ਵਿੱਚ ਨਿਰੰਤਰ ਖੜਕਦੇ ਰਹੇ ਨਾਮ ਦੇ ਖੰਡੇ ਕਰਕੇ, ਕੁਝ ਦਿਨਾਂ ਤੱਕ ਸਾਡੇ ਲਈ ਬੋਲਣਾ ਵੀ ਮੁਸ਼ਕਲ ਹੋ ਗਿਆ ਸੀ।

ਅੰਮ੍ਰਿਤ ਸੰਚਾਰ ਦੌਰਾਨ ਇੱਕ ਗੁਰਮੁਖ ਪਿਆਰੇ, ਜੋ ਮੇਰੇ ਸਿੰਘ ਸਾਬ੍ਹ ਨੂੰ ਜਾਣਦੇ ਨਹੀਂ ਸਨ, ਨੇ ਉਹਨਾਂ ਨੂੰ ਘੁੱਟ ਕੇ ਆਪਣੀ ਗ਼ਲਵੱਕੜੀ ਵਿੱਚ ਲੈ ਲਿਆ ਤੇ ਇਓਂ ਰੋਣਾ ਸ਼ੁਰੂ ਕਰ ਦਿੱਤਾ ਜਿਵੇਂ ਕਿ ਕਈ ਸਾਲਾਂ ਬਾਅਦ ਆਪਣੇ ਕਿਸੇ ਬਹੁਤ ਪਿਆਰੇ ਨੂੰ ਮਿਲੇ ਹੋਣ। ਉਸੇ ਬੈਰਾਗੀ ਬਿਰਤੀ ਵਿੱਚ ਹੀ, ਉਹਨਾਂ ਨੇ ਬਚਨ ਕੀਤਾ "ਆਪਾਂ ਸਰਸਾ ਨਦੀ ਤੇ ਵਿੱਛੜ ਗਏ ਸੀ। ਪਾਣੀ ਦਾ ਵਹਾਓ ਬਹੁਤ ਜ਼ਿਆਦਾ ਤੇਜ਼ ਸੀ ਤੇ ਉਸਨੂੰ ਪਾਰ ਕਰਦੇ ਸਮੇਂ ਸਾਡਾ ਕਿੰਨਾ ਹੀ ਕੁਛ ਕੀਮਤੀ, ਗੁਆਚ ਗਿਆ। ਮੈਂ ਤੁਹਾਨੂੰ ਫੜੀ ਰੱਖਣ ਦੀ ਭਰਪੂਰ ਕੋਸ਼ਿਸ਼ ਕੀਤੀ, ਪਰ ਤੁਸੀਂ ਤੇਜ਼ ਵਹਾਓ ਦੇ ਨਾਲ ਵਿਹ ਗਏ। "ਇਹ ਬਜ਼ੁਰਗ ਗੁਰਸਿੱਖ, ਜੋ ਕਿ ਬਹੁਤ



ਸ਼ਾਂਤ ਸੁਭਾ ਅਤੇ ਸਹਿਜ ਅਵਸਥਾ ਵਾਲੀ ਨਾਮ ਅਭਿਆਸੀ ਰੂਹ ਸਨ, ਉਸ ਸਮੇਂ ਇੱਕ ਬੱਚੇ ਵਾਂਗ ਰੋ-ਰੋ ਕੇ ਵਿਆਕੁਲ ਹੋ ਰਹੇ ਸਨ ਅਤੇ ਦੋਵੇਂ ਜਾਣੇ ਇਕ ਦੂਜੇ ਨੂੰ ਪਿਆਰ ਭਰੀ ਗ਼ਲਵੱਕੜੀ ਵਿੱਚ ਲੈ ਕੇ, ਬਹੁਤ ਲੰਬਾ ਸਮਾਂ, ਵਿਗਸ-ਵਿਗਸ ਕੇ, ਨਾਮ ਦੇ ਖੰਡੇ ਖੜਕਾਉਂਦੇ ਰਹੇ। ਇਹ ਵੀ ਸੱਚ ਹੈ ਕਿ ਮੇਰੇ ਸਿੰਘ ਸਾਬ੍ਹ ਤੋਂ, ਆਪਣੀ ਸਾਰੀ ਜ਼ਿੰਦਗੀ, ਕਦੇ ਵੀ ਵਹਿੰਦੇ ਪਾਣੀ ਵਿੱਚ ਦਾਖਲ ਨਹੀਂ ਹੋਇਆ ਗਿਆ।

ਜੋ ਕੁਝ ਵੀ ਮੈਂ ਇੱਥੇ ਲਿਖਿਆ ਹੈ, ਉਹ ਬਿਲਕੁਲ ਸੱਚ ਹੈ। ਗੁਰੂ ਸਾਹਿਬ ਜੀ ਦੇ ਅਪਾਰ ਅਮੋਲਕ ਖ਼ਜ਼ਾਨੇ ਵਿੱਚੋਂ, ਅਚੰਭਿਤ ਕਰਨ ਵਾਲ਼ੀਆਂ ਅਨੂਠੀਆਂ ਦਾਤਾਂ ਦਾ ਬਖ਼ਸ਼ਿਸ਼ ਕਦੀ ਵੀ ਨਹੀਂ ਰੁਕਦੀ। ਅਧਿਆਤਮਿਕ ਮਾਰਗ ਦੇ ਜਗਿਆਸੂ, ਸੱਚੇ ਭਗਤ ਦੀ, ਗੁਰੂ ਸਾਹਿਬ ਜੀ ਹਮੇਸ਼ਾ ਸਾਰ ਲੈਂਦੇ ਹਨ ਅਤੇ ਆਪ ਉਸਦੀ ਬਾਂਹ ਫੜ ਕੇ ਆਪਣੇ ਮਾਰਗ ਤੇ ਚਲਾਉਂਦੇ ਹਨ। ਕਈ ਜਨਮਾਂ ਦੀ ਭਟਕਣ ਤੋਂ ਬਾਅਦ, ਪ੍ਰਾਣੀ ਨੂੰ ਅੰਮ੍ਰਿਤ ਦੀ ਨਿਰਮੋਲਕ ਦਾਤ ਪ੍ਰਾਪਤ ਹੁੰਦੀ ਹੈ। ਕੁਝ ਬੇਸਮਝ ਲੋਕਾਂ ਦੁਆਰਾ, ਖੰਡੇ ਕੀ ਪਾਹੁਲ ਅੰਮ੍ਰਿਤ ਦੀ ਨਿਰਾਦਰੀ ਕੀਤੀ ਜਾਂਦੀ ਹੈ ਅਤੇ ਦੁਰਕਾਰਿਆ ਜਾਂਦਾ ਹੈ। ਅਖੌਤੀ ਵਿਦਵਤਾ ਦਾ ਹੰਕਾਰ ਅਤੇ ਚਤੁਰਾਈਆਂ-ਚਲਾਕੀਆਂ, ਪ੍ਰਮਾਰਥ ਦੇ ਰਾਹ ਵਿੱਚ ਹਮੇਸ਼ਾ ਅੜਿੱਕਾ ਬਣਦੇ ਹਨ। ਜਿਹੜਾ ਵੀ ਪ੍ਰਾਣੀ, ਸ਼ੁੱਧ ਪਾਕ ਨਿਰਮਲ ਹਿਰਦੇ ਅਤੇ ਨਿਮਰਤਾ ਹਲੀਮੀ ਨਾਲ, ਗੁਰੂ ਸਾਹਿਬ ਜੀ ਦੀਆਂ ਬੇਸ਼ਕੀਮਤੀ ਬਖ਼ਸ਼ਿਸ਼ਾਂ ਦਾ ਪਾਤਰ ਬਣਨ ਲਈ, ਉਹਨਾਂ ਦੀ ਸ਼ਰਣ ਵਿੱਚ ਢਹਿ ਪੈਂਦਾ ਹੈ, ਉਸਦੀ ਨਿਸਚਿਤ ਹੀ ਬਹੁਤ ਪ੍ਰਮਾਰਥਿਕ ਤਰੱਕੀ ਹੁੰਦੀ ਹੈ। ਉਹ ਗੁਰੂ ਸਾਹਿਬ ਜੀ ਵੱਲੋਂ ਦਰਸਾਏ ਅਧਿਆਤਮਿਕ ਮਾਰਗ ਦੇ ਮੀਲ-ਪੱਥਰ, ਸਹਿਜੇ ਹੀ, ਅਸਾਨੀ ਨਾਲ ਤਹਿ ਕਰਦਾ ਹੋਇਆ, ਉੱਚ ਆਤਮਿਕ ਮੰਡਲਾਂ ਦਾ ਅਨੰਦ ਰਸ ਪ੍ਰਾਪਤ ਕਰਨ ਵਾਲਾ ਸੁਭਾਗੀ ਜਨ ਹੋ ਨਿਬੜਦਾ ਹੈ। ਜਿਸ ਕਿਸੇ ਦੇ ਵੀ ਹਿਰਦੇ ਵਿੱਚ ਗੁਰੂ ਸਾਹਿਬ ਜੀ ਲਈ ਅਥਾਹ ਸੱਚਾ ਪ੍ਰੇਮ ਅਤੇ ਬੈਰਾਗ ਹੁੰਦਾ ਹੈ, ਉਹ ਆਪਣੇ 'ਮਨ' ਨੂੰ ਦਹਿਲੀਜ਼ ਤੇ ਹੀ ਛੱਡ ਕੇ, ਆਪਣਾ ਸਾਰਾ ਕੁਛ ਗੁਰੂ ਸਾਹਿਬ ਜੀ ਤੋਂ ਕੁਰਬਾਨ ਕਰ ਦਿੰਦਾ ਹੈ।

# ਮਹੀਨਾ ਦਸੰਬਰ 2021 ਦੇ ਅਖੰਡ ਕੀਰਤਨ ਸਮਾਗਮ

**05.12.2021 (ਐਤਵਾਰ)**

ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਵਿਖੇ ਦਿਵਸ ਸੁਹੇਲਾ ਅਖੰਡ ਕੀਰਤਨ ਸਮਾਗਮ ਅੰਮ੍ਰਿਤ ਵੇਲੇ ਆਸਾ ਜੀ ਕੀ ਵਾਰ ਦੇ ਕੀਰਤਨ ਸਹਿਤ ਸ਼ਾਮ ਤੱਕ ਹੋ ਰਹੇ ਹਨ ਜੀ।

**10.12.2021 (ਸ਼ੁੱਕਰਵਾਰ)**

**ਅਨੰਦ ਕਾਰਜ ਦੇ ਸਬੰਧ ਵਿੱਚ ਅਖੰਡ ਕੀਰਤਨ ਸਮਾਗਮ**

**ਆਸਾ ਜੀ ਕੀ ਵਾਰ ਦੇ ਕੀਰਤਨ ਸਹਿਤ ਸਵੇਰੇ 5:30 ਵਜੇ ਤੋਂ ਦੁਪਹਿਰ 1:00 ਵਜੇ ਤੱਕ।**

ਗੁਰਦੁਆਰਾ ਸਾਚਾ ਧਨੁ ਸਾਹਿਬ ਫੇਜ਼ 3ਬੀ1, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿਖੇ। ਭਾਈ ਸੁਖਦੇਵ ਸਿੰਘ ਜੀ ਅਤੇ ਬੀਬੀ ਰਣਜੀਤ ਕੌਰ ਜੀ ਅਤੇ ਸਮੂਹ ਪਰਿਵਾਰ ਨਿਵਾਸੀ # 489, ਫੇਜ਼ 1, ਮੋਹਾਲੀ ਵਾਲੇ ਆਪ ਜੀ ਸਮੂਹ ਸਾਧ ਸੰਗਤ ਜੀ ਦੇ ਚਰਨਾਂ ਵਿੱਚ ਬੇਨਤੀ ਕਰਦੇ ਹਨ ਕਿ ਉਹਨਾਂ ਦੀ ਸਪੁੱਤਰੀ ਹਰਲੀਨ ਕੌਰ ਦੇ ਅਨੰਦ ਕਾਰਜ ਸਮਾਗਮ ਵਿੱਚ ਸਹਿਤ ਪਰਿਵਾਰ ਸ਼ਾਮਲ ਹੋ ਕੇ ਬੱਚਿਆਂ ਨੂੰ ਗੁਰਬਾਣੀ ਰਾਹੀਂ ਅਸੀਸਾਂ ਬਖਸ਼ਣੀਆਂ ਜੀ।

**11.12.2021 (ਸ਼ਨੀਵਾਰ)**

**ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਸੈਕਟਰ 34 ਡੀ, ਚੰਡੀਗੜ੍ਹ ਵਿਖੇ**

**ਦਿਵਸ ਸੁਹੇਲਾ ਅਖੰਡ ਕੀਰਤਨ ਸਮਾਗਮ ਸਵੇਰੇ 9:00 ਵਜੇ ਤੋਂ ਬਾਅਦ ਦੁਪਹਿਰ 2:00 ਵਜੇ ਤੱਕ**

ਇਹ ਸਮਾਗਮ ਗੁਰਪੁਰਵਾਸੀ ਭਾਈ ਸਤਨਾਮ ਸਿੰਘ ਜੀ ਦੀ ਨਿੱਘੀ ਅਤੇ ਮਿੱਠੀ ਯਾਦ ਵਿੱਚ ਪਰਿਵਾਰ ਵੱਲੋਂ ਕਰਵਾਏ ਜਾ ਰਹੇ ਹਨ (ਸ੍ਰੀ ਅਖੰਡ ਪਾਠ ਭਾਈ ਸਾਹਿਬ ਜੀ ਦੇ ਨਿਵਾਸ # 245, ਸੈਕਟਰ 35 ਏ, ਚੰਡੀਗੜ੍ਹ ਵਿਖੇ ਮਿਤੀ 09.12.2021 (ਵੀਰਵਾਰ) ਨੂੰ ਸਵੇਰੇ ਆਸਾ ਜੀ ਕੀ ਵਾਰ ਦੇ ਕੀਰਤਨ ਉਪਰੰਤ 8:00 ਵਜੇ ਆਰੰਭ ਹੋਣਗੇ ਅਤੇ ਮਿਤੀ 11.12.2021 (ਸ਼ਨੀਵਾਰ) ਨੂੰ ਅੰਮ੍ਰਿਤ ਵੇਲੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪੈਣਗੇ ਉਪਰੰਤ ਸ੍ਰੀ ਆਸਾ ਜੀ ਕੀ ਵਾਰ ਦੇ ਕੀਰਤਨ ਹੋਣਗੇ ਅਤੇ ਪੂਰਨ ਸਮਾਪਤੀ ਸਵੇਰੇ 8:00 ਵਜੇ ਹੋਵੇਗੀ ਜੀ।

**19.12.2021 ਤੋਂ 23.12.2021 ਸਵੇਰ ਤੱਕ**

## ਸ਼ਹੀਦੀ ਸਭਾ ਸਾਲ 2021

## ਸ੍ਰੀ ਚਮਕੌਰ ਸਾਹਿਬ

ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਵੱਡੇ ਸਾਹਿਬਜ਼ਾਦਿਆਂ, ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਜੀ, ਭਾਈ ਹਿੰਮਤ ਸਿੰਘ ਜੀ, ਭਾਈ ਮੋਹਕਮ ਸਿੰਘ ਜੀ, ਭਾਈ ਸਾਹਿਬ ਸਿੰਘ ਜੀ (ਪੰਜਾਂ ਪਿਆਰਿਆਂ ਵਿੱਚੋਂ ਤਿੰਨ ਪਿਆਰੇ) ਅਤੇ ਚਮਕੌਰ ਦੀ ਗੜ੍ਹੀ ਦੇ ਸਮੂਹ ਲਾਸਾਨੀ ਸ਼ਹੀਦ ਸਿੰਘਾਂ ਦੀ ਯਾਦ ਵਿੱਚ

## ਸਾਲਾਨਾ ਅਖੰਡ ਕੀਰਤਨ ਸਮਾਗਮ

ਮਿਤੀ 19 ਦਸੰਬਰ ਤੋਂ 23 ਦਸੰਬਰ 2021 ਸਵੇਰ ਤੱਕ

**ਪ੍ਰੋਗਰਾਮ**

ਮਿਤੀ 19 ਦਸੰਬਰ 2021, ਐਤਵਾਰ (5 ਪੋਹ) — **ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ ਵਿਖੇ** ਦਿਵਸ ਸੁਹੇਲਾ ਕੀਰਤਨ ਸ੍ਰੀ ਆਸਾ ਜੀ ਕੀ ਵਾਰ ਦੇ ਕੀਰਤਨ ਸਹਿਤ ਸਵੇਰੇ 5.15 ਵਜੇ ਤੋਂ ਦੁਪਹਿਰ 2.00 ਵਜੇ ਤੱਕ

ਸਥਾਨ : ਕੰਗ ਕਲੀਨਿਕ→ਵਿਖੇ ਸ੍ਰੀ ਅਖੰਡ ਪਾਠ ਸਾਹਿਬ ਸਮਾਗਮ ਹੋਵੇਗਾ। ਕੰਗ ਕਲੀਨਿਕ ਬੱਸ ਸਟੈਂਡ ਤੋਂ ਗੁ: ਸ੍ਰੀ ਕਤਲਗੜ੍ਹ ਸਾਹਿਬ ਨੂੰ ਜਾਣ ਵਾਲੀ ਸੜਕ ਉੱਤੇ ਗੁਰਦੁਆਰਾ ਸ੍ਰੀ ਤਾੜੀ ਸਾਹਿਬ ਨਜ਼ਦੀਕ ਹੈ।

ਮਿਤੀ 20 ਦਸੰਬਰ 2021, ਸੋਮਵਾਰ (6 ਪੋਹ) — ਸ੍ਰੀ ਆਸਾ ਜੀ ਕੀ ਵਾਰ ਦੇ ਕੀਰਤਨ ਉਪਰੰਤ ਪ੍ਰਾਰੰਭ ਸ੍ਰੀ ਅਖੰਡ ਪਾਠ ਸਾਹਿਬ ਸਵੇਰੇ 8.00 ਵਜੇ

22 ਦਸੰਬਰ 2021, ਬੁੱਧਵਾਰ (8 ਪੋਹ) — ਸ੍ਰੀ ਅਖੰਡ ਸਾਹਿਬ ਜੀ ਦੇ ਭੋਗ ਉਪਰੰਤ ਦਿਵਸ ਸੁਹੇਲਾ ਕੀਰਤਨ ਦੁਪਹਿਰ 1.00 ਵਜੇ ਤੱਕ

**ਗੁਰਦਆਰਾ ਸ੍ਰੀ ਕਤਲਗੜ੍ਹ ਸਾਹਿਬ, ਚਮਕੌਰ ਸਾਹਿਬ ਵਿਖੇ**

**ਮਿਤੀ 22 ਦਸੰਬਰ, 2021 ਬੁੱਧਵਾਰ (੮ ਪੋਹ) ਦੀ ਰਾਤ ਨੂੰ**

**ਸਾਲਾਨਾ ਕੀਰਤਨ ਰੈਣਿ ਸਬਾਈ**

Live on : www.akj.org

**ਪ੍ਰੋਗਰਾਮਾਂ ਦੀ ਬੁਕਿੰਗ ਅਤੇ ਹੋਰ ਜਾਣਕਾਰੀ ਲਈ ਸੰਪਰਕ ਹਿੱਤ:**

**9988381739 98726-33388 9316023874 9464267956 9888951166**

**ਪ੍ਰਾਰਥਕ : ਅਖੰਡ ਕੀਰਤਨੀ ਜੱਥਾ, ਚੰਡੀਗੜ੍ਹ**




## Statement of Income & Expenditure for the Month of Nov. 2021 of *Atam Rang*

| | |
|---|---|
| 1. M/s Jai Offset Printers | 18,500.00 |
| 2. Cost of Service Stamps | 13,600.00 |
| 3. Cost of envelops & printing | 13,000.00 |
| 4. Cost of Stickers | 2,200.00 |
| 5. Previous balance | 1,19,862.00 |
| **Total Expenditure upto 30.11.2021** | **1,67,162.00** |
| Donation | 20,000.00 |
| Membership | 5,500.00 |
| Sale of books at Jalandhar | 1,570.00 |
| **Total Income** | **27,070.00** |
| **Expenditure** | **1,67,162.00** |
| **Income** | **27,070.00** |
| **Difference** | **1,40,092.00** |

## ਗੁਰਪੁਰਬ ਤੇ ਦਿਨ ਦਿਹਾਰ

| | |
|---|---|
| ਸੰਗਰਾਂਦ | 15 ਦਸੰਬਰ |
| ਪੂਰਨਮਾਸ਼ੀ | 19 ਦਸੰਬਰ |
| ਮੱਸਿਆ | 4 ਦਸੰਬਰ |
| ਪੰਚਮੀ | 8 ਦਸੰਬਰ |
| **ਗੁਰਪੁਰਬ** | |
| ਗੁਰਿਆਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ | 6 ਦਸੰਬਰ |
| ਸ਼ਹੀਦੀ ਸ੍ਰੀ ਗੁਰੂ ਤੇਗ ਬਹਾਦਰ ਜੀ | 8 ਦਸੰਬਰ |
| ਸ਼ਹੀਦੀ ਵਡੇ ਸਾਹਿਬਜਾਦੇ (ਚਮਕੌਰ) | 22 ਦਸੰਬਰ |
| ਸ਼ਹੀਦੀ ਛੋਟੇ ਸਾਹਿਬਜਾਦੇ (ਸਰਹੰਦ) | 27 ਦਸੰਬਰ |

## ਸੰਗਤਾਂ ਨੋਟ ਕਰਨ ਜੀ

ਆਤਮ ਰੰਗ ਦੇ ਪ੍ਰਬੰਧਕਾਂ ਵਲੋਂ ਬੜੇ ਪਿਆਰ ਸਹਿਤ ਬੇਨਤੀ ਹੈ ਕਿ ਜਿਸਨੇ ਵੀ ਅਪਣੇ ਲੇਖ ਜਾਂ ਸਮਾਗਮ ਬਾਰੇ ਇਸ਼ਤਿਹਾਰ ਭੇਜਣੇ ਹਨ ਉਹ 12 ਤਰੀਕ ਤਕ ਆਤਮ ਰੰਗ ਦੀ ਮੇਲ atamrang3@gmail.com ਜਾਂ whatsapp No. 98143-00245 ਤੇ ਭੇਜਣ ਦੀ ਕ੍ਰਿਪਾਲਤਾ ਕਰੋ ਜੀ। ਖ਼ਾਸ ਕਰਕੇ ਲੇਖਕਾਂ ਨੂੰ ਬੇਨਤੀ ਹੈ ਕਿ ਉਹ ਅਪਣੇ ਲੇਖ ਭੇਜ ਕੇ ਸਹਿਯੋਗ ਦਿੰਦੇ ਰਹਿਣ।

## ਸੰਗਤਾਂ ਪ੍ਰਤੀ ਜ਼ਰੂਰੀ ਬੇਨਤੀ

**ਆਤਮ ਰੰਗ ਮੈਗਜ਼ੀਨ ਦੀ ਸਹਾਇਤਾ ਭੇਜਣ ਲਈ ਥੱਲੇ ਦਿੱਤੇ ਅਕਾਊਂਟ ਨੰਬਰ/ਬੈਂਕ ਦੇ ਵੇਰਵੇ ਦਾ ਖਾਸ ਧਿਆਨ ਰਖਿਆ ਜਾਵੇ ਜੀ**

ਸੰਗਤਾਂ ਪ੍ਰਤੀ ਬੇਨਤੀ ਹੈ ਕਿ ਆਤਮ ਰੰਗ ਮੈਗਜ਼ੀਨ ਜੋ ਕਿ 1999 ਦੀ ਵਿਸਾਖੀ ਤੋਂ ਨਿਰੰਤਰ ਸੰਗਤਾਂ ਦੇ ਪਾਵਨ ਹੱਥਾਂ ਵਿਚ ਅੱਜ ਤੱਕ ਪਹੁੰਚ ਰਿਹਾ ਹੈ। ਇਸ ਮੈਗਜ਼ੀਨ ਦੀ ਆਪਣੀ ਹੀ ਦੇਣ ਹੈ। ਇਸ ਵਿਚ ਵੱਡੇ-ਵੱਡੇ ਵਿਦਵਾਨਾਂ, ਗੁਣੀ ਗਿਆਨੀਆਂ, ਤਜਰਬੇਕਾਰ ਲਿਖਾਰੀਆਂ ਅਤੇ ਗੁਰਮਤਿ ਦੇ ਖੋਜੀਆਂ ਦੀਆਂ ਰਚਨਾਵਾਂ ਦਿੱਤੀਆਂ ਜਾਂਦੀਆਂ ਹਨ ਤੇ ਇਸ ਦੇ ਨਾਲ-ਨਾਲ ਜੱਥੇ ਦੇ ਸਾਰੇ ਪ੍ਰੋਗਰਾਮ ਅਤੇ ਜੱਥੇ ਦੀਆਂ ਗਤੀਵਿਧੀਆਂ ਬਾਰੇ ਸੰਗਤਾਂ ਨੂੰ ਗਾਹੇ-ਬਗਾਹੇ ਜਾਣੂ ਕਰਵਾਇਆ ਜਾਂਦਾ ਹੈ। ਇਹ ਮੈਗਜ਼ੀਨ ਇੰਨਾ ਹਰਮਨ ਪਿਆਰਾ ਹੋ ਗਿਆ ਹੈ ਕਿ ਇਸ ਦੀ ਡਿਮਾਂਡ ਦਿਨੋਂ ਦਿਨ ਵੱਧ ਰਹੀ ਹੈ। ਇਸ ਲਈ ਸੰਗਤਾਂ ਪ੍ਰਤੀ ਪਿਆਰ ਸਹਿਤ ਬੇਨਤੀ ਹੈ ਕਿ ਇਸ ਦੀ ਚੜ੍ਹਦੀ ਕਲਾ ਲਈ ਆਪਣੇ ਦਸਵੰਧ ਨੂੰ ਸਫਲਾ ਕਰਦੇ ਹੋਏ ਇਸ ਦੀ ਮਾਇਕ ਤੌਰ 'ਤੇ ਸਹਾਇਤਾ ਕੀਤੀ ਜਾਵੇ। ਕ੍ਰਿਪਾ ਕਰਕੇ ਆਤਮ ਰੰਗ ਅਕਾਊਂਟ ਨੰਬਰ 33008094850, IFS Code: SBIN0006597 ਸਟੇਟ ਬੈਂਕ ਆਫ਼ ਇੰਡੀਆ, ਸੈਕਟਰ-37, ਚੰਡੀਗੜ੍ਹ ਦੀ ਬ੍ਰਾਂਚ ਵਾਸਤੇ ਮਾਇਆ ਭੇਜੀ ਜਾਵੇ ਜੀ। ਆਪ ਜੀ ਦੇ ਇਸ ਸਹਿਯੋਗ ਲਈ 'ਆਤਮ ਰੰਗ' ਦੇ ਪ੍ਰਬੰਧਕ ਅਤਿ ਰਿਣੀ, ਧੰਨਵਾਦੀ ਤੇ ਸ਼ੁਕਰ ਗੁਜ਼ਾਰ ਹੋਣਗੇ ਜੀ।

**ਆਪ ਦਾ ਨਿਮਾਣਾ ਜਿਹਾ ਗੁਰਸਿੱਖ**

**ਮਨਪ੍ਰੀਤ ਸਿੰਘ, ਚੀਫ ਐਡੀਟਰ, ਆਤਮ ਰੰਗ**

**ਮੋਬਾਇਲ : 98143-00245**

## ਜ਼ਰੂਰੀ ਬੇਨਤੀ ਪਾਠਕਾਂ ਲਈ

ਪਾਠਕਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਜਿਨ੍ਹਾਂ ਨੂੰ ਆਤਮ ਰੰਗ ਮੈਗਜ਼ੀਨ 15 ਤਰੀਕ ਤੱਕ ਨਹੀਂ ਮਿਲਦਾ, ਉਸ ਤੋਂ ਬਾਅਦ ਉਹ ਪਾਠਕ ਬਿਨੈ-ਪੱਤਰ ਨਾਲ ਆਪਣਾ ਪੂਰਾ ਚਿੱਟ ਨੰਬਰ, ਪਤਾ ਤੇ ਮੋਬਾਇਲ ਨੰਬਰ ਦੇਣ/ਦੱਸਣ ਤਾਂ ਕਿ ਉਨ੍ਹਾਂ ਨੂੰ ਆਤਮ ਰੰਗ ਮੈਗਜ਼ੀਨ ਦੁਬਾਰਾ ਭੇਜਿਆ ਜਾ ਸਕੇ। ਸੰਪਰਕ ਕਰਨ ਲਈ ਮੋਬਾਇਲ ਨੰਬਰ 98143-00245 ਤੇ ਸਵੇਰੇ 10.00 ਵਜੇ ਤੋਂ ਲੈ ਕੇ ਸ਼ਾਮ 6.00 ਵਜੇ ਤਕ ਸੰਪਰਕ ਕੀਤਾ ਜਾ ਸਕਦਾ ਹੈ ਤਾਂ ਕਿ ਪਾਠਕਾਂ ਨੂੰ ਦੁਬਾਰਾ ਰਸਾਲਾ ਭੇਜਿਆ ਜਾ ਸਕੇ।

**ਦਾਸਰੇ : ਚੀਫ ਐਡੀਟਰ, ਆਤਮ ਰੰਗ। ਮੋਬਾਇਲ : 98143-00245**

## ਸੰਗਤਾਂ ਨੋਟ ਕਰਨ ਜੀ

ਸੰਗਤਾਂ ਪ੍ਰਤੀ ਬੜੇ ਪਿਆਰ ਤੇ ਨਿਮਰਤਾ ਸਹਿਤ ਬੇਨਤੀ ਹੈ ਕਿ ਜੋ ਵੀ ਸੱਜਣ ਆਤਮ ਰੰਗ ਲਈ ਮਾਇਕ ਸਹਾਇਤਾ, ਬੈਂਕ ਵਿੱਚ ਭੇਜਦਾ ਹੈ, ਉਹ ਕ੍ਰਿਪਾ ਕਰਕੇ ਇਸਦੀ ਜਾਣਕਾਰੀ ਮੋਬਾਈਲ ਨੰਬਰ 98143 00245 ਤੇ ਫੋਨ ਕਰਕੇ ਜਾਂ ਇਸ ਨੰਬਰ ਤੇ ਵਟਸਐਪ ਕਰਕੇ, ਦੇਣ ਦੀ ਕ੍ਰਿਪਾਲਤਾ ਕਰੇ ਜੀ।

*- ਮੁੱਖ ਸੰਪਾਦਕ*

## ਨਾਰੰਗਵਾਲ ਵਿਖੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਜਨਮ ਅਸਥਾਨ ਗੁਰਦੁਆਰਾ ਹਵੇਲੀ ਸਾਹਿਬ ਵਿਖੇ ਹਰ ਮਹੀਨੇ ਦੀ 16 ਤਾਰੀਖ ਨੂੰ ਕੀਰਤਨ ਹੋਇਆ ਕਰੇਗਾ

ਸੰਗਤਾਂ ਪ੍ਰਤੀ ਬੇਨਤੀ ਹੈ ਕਿ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਪਿਆਰੀ, ਮਿੱਠੀ ਤੇ ਨਿੱਘੀ ਯਾਦ ਵਿੱਚ ਹਰ ਮਹੀਨੇ ਦੀ 16 ਤਾਰੀਖ ਨੂੰ ਗੁਰਦੁਆਰਾ ਹਵੇਲੀ ਸਾਹਿਬ ਭਾਈ ਸਾਹਿਬ ਜੀ ਦੇ ਜਨਮ ਅਸਥਾਨ ਵਿਖੇ ਕੀਰਤਨ ਸ਼ਾਮ ਨੂੰ 6 ਵਜੇ ਤੋਂ ਲੈ ਕੇ 8 ਵਜੇ ਤਕ ਹੋਇਆ ਕਰੇਗਾ। ਸੰਗਤਾਂ ਹੁੰਮ-ਹੁਮਾ ਕੇ ਦਰਸ਼ਨ ਦੀਦਾਰੇ ਬਖਸ਼ਣ ਤੇ ਕੀਰਤਨ ਦੇ ਆਨੰਦ ਲੈਣ ਤੇ ਭਾਈ ਸਾਹਿਬ ਜੀ ਤੋਂ ਅਸੀਸਾਂ, ਬਖਸ਼ੀਸ਼ਾਂ ਲੈ ਕੇ ਅਪਨੀ ਜੀਵਨ ਯਾਤਰਾ ਨੂੰ ਸਫਲਾ ਕਰਨ।

**ਦਾਸਰੇ - ਭਾਈ ਕੁਲਦੀਪ ਸਿੰਘ ਜੀ, ਭਾਈ ਕਰਮਜੀਤ ਸਿੰਘ ਜੀ, ਭਾਈ ਦਲਜੀਤ ਸਿੰਘ ਭੱਟੀ ਤੇ ਸਮੂਹ ਸੰਗਤ, ਆਖੰਡ ਕੀਰਤਨੀ ਜੱਥਾ, ਲੁਧਿਆਣਾ - 98156-11924**

## ਸਹਾਇਤਾ ਆਤਮ ਰੰਗ ਨਵੰਬਰ 2021 ਦੇ ਮਹੀਨੇ ਦੀ

| | |
|---|---|
| ◆ ਗੁਰਪੁਰਵਾਸੀ ਭਾਈ ਸਤਨਾਮ ਸਿੰਘ, ਚੀਫ ਐਡੀਟਰ, ਆਤਮ ਰੰਗ ਤੇ ਮੁੱਖ ਸੇਵਾਦਾਰ ਅਖੰਡ ਕੀਰਤਨੀ ਜੱਥਾ, (ਰਜਿ.), ਚੰਡੀਗੜ੍ਹ ਜੀ ਦੀ ਮਿੱਠੀ ਤੇ ਪਿਆਰੀ ਯਾਦ ਵਿੱਚ ਉਨ੍ਹਾਂ ਦੇ ਪਰਿਵਾਰ ਵੱਲੋਂ | 10,000.00 |
| ◆ ਭਾਈ ਪ੍ਰੇਮ ਸਿੰਘ ਜੀ, ਚੰਡੀਗੜ੍ਹ | 1,100.00 |
| ◆ ਅਖੰਡ ਕੀਰਤਨੀ ਜੱਥਾ, ਦੋਰਾਹਾ, ਦੋਰਾਹਾ ਸਮਾਗਮ ਤੇ ਮਾਰਫਤ ਜੱਥੇਦਾਰ ਭਾਈ ਵਜੀਰ ਸਿੰਘ ਜੀ | 3,100.00 |
| ◆ ਕਾਲਰਾ ਟ੍ਰੇਡਿੰਗ ਕੰਪਨੀ, ਯਮੁਨਾਨਗਰ, ਭਾਈ ਸੁਰਜਨ ਸਿੰਘ ਜੀ ਅਪਨੇ ਪੋਤੇ ਦੇ ਵਿਆਹ ਦੀ ਖੁਸ਼ੀ ਵਿੱਚ | 2,100.00 |
| ◆ ਕਾਰ ਲਾਈਫ, ਚੰਡੀਗੜ੍ਹ | 1,500.00 |
| ◆ ਮਾਰਕ ਡਰਾਫਟ, ਚੰਡੀਗੜ੍ਹ | 2,100.00 |
| ◆ ਭਾਈ ਪ੍ਰਿਤਪਾਲ ਸਿੰਘ ਜੀ | 100.00 |
| **ਕੁਲ ਜੋੜ** | **20,000.00** |

***(ਪੰਨਾ 6 ਦੀ ਬਾਕੀ)***

ਸੁਹਾਗਣਾਂ ਵਾਂਗ ਹਰ ਪ੍ਰਕਾਸ਼ ਦੇ ਸੁੱਖਾਂ ਨਾਲ ਭਰਪੂਰ ਹੁੰਦਾ ਹੈ। ਬੱਸ, ਲੋੜ ਗੁਰੂ ਦੇ ਚਰਨਾਂ ਵਿਚ ਆਉਣ ਦੀ ਹੈ। ਭਾਈ ਗੁਰਦਾਸ ਜੀ ਦਾ ਹੇਠ ਲਿਖਿਆ ਕਬਿੱਤ ਸਾਨੂੰ ਕਿਤਨੀ ਸੁੰਦਰ ਸੇਧ ਦੇਂਦਾ ਹੈ :

***ਜੈਸੇ ਨਾਉ ਬੂਡਤ ਸੈ ਜੋਊ ਬਚੈ ਸੋਈ ਭਲੋ, ਬੂਡਿ ਗਏ ਪਾਛੈ ਪਛਤਾਇਓ ਰਹਿ ਜਾਤ ਹੈ॥***
***ਜੈਸੇ ਘਰ ਲਾਗੇ ਆਗਿ ਜੌਈ ਬਚੈ ਸੋਈ ਭਲੋ, ਜਰਿ ਬੁਝੈ ਪਾਛੈ ਕਛੁ ਬਸੁ ਨ ਬਸਾਤ ਹੈ॥***
***ਜੈਸੇ ਚੋਰ ਲਾਗੇ ਜਾਗੇ ਜੋਈ ਰਹੈ ਸੋਈ ਭਲੋ, ਸੋਇ ਗਏ ਰੀਤੋ ਘਰ ਦੇਖੈ ਉਠਿ ਪ੍ਰਾਤ ਹੈ॥***
***ਤੈਸੇ ਅੰਤ ਕਾਲ ਗੁਰ ਚਰਨ ਸਰਨਿ ਆਵੈ, ਪਾਵੈ ਮੋਖ ਪਦਵੀ ਨਾਤਰੁ ਬਿਲਲਾਤ ਹੈ॥***

ਲੋੜ ਤਾਂ ਪ੍ਰਭੂ ਦੀ ਬਖ਼ਸ਼ਿਸ਼ ਦੀ ਹੈ। ਇਸ ਲਈ ਪੋਹ ਦੇ ਮਹੀਨੇ ਵਿਚ ਜਿਥੇ ਸਤਿਸੰਗ ਕਰਨਾ ਹੈ, ਉਥੇ ਪਰਮੇਸ਼ਰ ਪਾਸ ਬਖ਼ਸ਼ਿਸ਼ ਲਈ ਜੋਦੜੀ ਵੀ ਕਰਨੀ ਹੈ :

***ਤੁਧੁ ਭਾਵੈ ਤਾ ਬਖਸਿ ਲੈਹਿ, ਖੋਟੇ ਸੰਗਿ ਖਰੇ॥ ਨਾਨਕ ਭਾਵੈ ਪਾਰਬ੍ਰਹਮ, ਪਾਹਨ ਨੀਰਿ ਤਰੇ॥*** *ਅੰਗ - ੨੬੧*

***ਤੁਮਹਿ ਛਡਾਵਹੁ, ਛੁਟਕਹਿ ਬੰਧ॥ ਬਖਸਿ ਮਿਲਾਵਹੁ, ਨਾਨਕ ਜਗ ਅੰਧ ॥*** *ਅੰਗ - ੮੯*●

## ਮਹੀਨੇਵਾਰ ਅਖੰਡ ਕੀਰਤਨ ਸਮਾਗਮ ਗੁਰਦੁਆਰਾ ਸ੍ਰੀ ਫ਼ਤਿਹਗੜ੍ਹ ਸਾਹਿਬ

ਦੋਵੇਂ ਹੱਥ ਜੋੜ ਜੋਦੜੀ ਹੈ ਕਿ ਸਮੂਹ ਸੰਗਤਾਂ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ, ਫਤਹਿਗੜ੍ਹ ਸਾਹਿਬ ਜੀ ਦੇ ਸਹਿਯੋਗ ਨਾਲ ਹਰ ਮਹੀਨੇ ਦੇ ਅਖੀਰਲੇ ਐਤਵਾਰ ਗੁਰਦੁਆਰਾ ਫਤਹਿਗੜ੍ਹ ਸਾਹਿਬ ਵਿਖੇ ਕੀਰਤਨ ਦਿਵਸ ਸੁਹੇਲਾ ਸਵੇਰੇ 5.00 ਤੋਂ ਸ਼ਾਮ 4.30 ਵਜੇ ਤੱਕ ਨੀਅਤ ਹੋਏ ਹਨ, ਇਸ ਲਈ ਆਏ ਦੀਦਾਰੇ ਬਖਸ਼ੋ ਜੀ।

**ਮਿਤੀ 26.12.2021 ਦਿਨ ਐਤਵਾਰ ਨੂੰ**

ਜੇਕਰ ਇਨ੍ਹਾਂ ਤਾਰੀਖਾਂ ਵਿਚ ਕੋਈ ਸੈਂਟਰਲ ਸਮਾਗਮ ਆਉਂਦਾ ਹੋਇਆ ਤਾਂ ਪ੍ਰੋਗਰਾਮ ਵਿਚ ਤਬਦੀਲੀ ਕੀਤੀ ਜਾ ਸਕਦੀ ਹੈ ਜੀ।

**ਵੱਲੋਂ :**
**ਸਮੂਹ ਸਾਧ ਸੰਗਤ ਤੇ**
**ਅਖੰਡ ਕੀਰਤਨੀ ਜੱਥਾ, ਫਤਹਿਗੜ੍ਹ ਸਾਹਿਬ**

**ਸਹਿਯੋਗੀ :**
**ਮੈਨੇਜਰ ਅਤੇ ਹੈੱਡ ਗ੍ਰੰਥੀ ਸਿੰਘ ਸਾਹਿਬ**
**ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਜੀ**

**ਮੋਬਾਇਲ :** 98150-40236, 81022-10001, 94178-10823, 98767-51085, 98763-79748, 88724-66692





ਸ਼ਹੀਦੀ ਸਭਾ ਸਾਲ 2021
ਸ੍ਰੀ ਚਮਕੌਰ ਸਾਹਿਬ
ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਵੱਡੇ ਸਾਹਿਬਜ਼ਾਦਿਆਂ, ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਜੀ, ਭਾਈ ਹਿੰਮਤ ਸਿੰਘ ਜੀ, ਭਾਈ ਮੋਹਕਮ ਸਿੰਘ ਜੀ, ਭਾਈ ਸਾਹਿਬ ਸਿੰਘ ਜੀ (ਪੰਜਾਂ ਪਿਆਰਿਆਂ ਵਿੱਚੋਂ ਤਿੰਨ ਪਿਆਰੇ) ਅਤੇ ਚਮਕੌਰ ਦੀ ਗੜ੍ਹੀ ਦੇ ਸਮੂਹ ਲਾਸਾਨੀ ਸ਼ਹੀਦ ਸਿੰਘਾਂ ਦੀ ਯਾਦ ਵਿੱਚ
ਸਾਲਾਨਾ ਅਖੰਡ ਕੀਰਤਨ ਸਮਾਗਮ
ਮਿਤੀ 19 ਦਸੰਬਰ ਤੋਂ 23 ਦਸੰਬਰ 2021 ਸਵੇਰ ਤੱਕ
ਪ੍ਰੋਗਰਾਮ
ਮਿਤੀ 19 ਦਸੰਬਰ 2021, ਐਤਵਾਰ (5 ਪੋਹ)
ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ ਵਿਖੇ ਦਿਵਸ ਸੁਹੇਲਾ ਕੀਰਤਨ ਸ੍ਰੀ ਆਸਾ ਜੀ ਕੀ ਵਾਰ ਦੇ ਕੀਰਤਨ ਸਹਿਤ ਸਵੇਰੇ 5.15 ਵਜੇ ਤੋਂ ਦੁਪਹਿਰ 2.00 ਵਜੇ ਤੱਕ
ਸਥਾਨ : ਕੰਗ ਕਲੀਨਿਕ→ਵਿਖੇ ਸ੍ਰੀ ਅਖੰਡ ਪਾਠ ਸਾਹਿਬ ਸਮਾਗਮ ਹੋਵੇਗਾ। ਕੰਗ ਕਲੀਨਿਕ ਬੱਸ ਸਟੈਂਡ ਤੋਂ ਗੁ: ਸ੍ਰੀ ਕਤਲਗੜ੍ਹ ਸਾਹਿਬ ਨੂੰ ਜਾਣ ਵਾਲੀ ਸੜਕ ਉੱਤੇ ਗੁਰਦੁਆਰਾ ਸ੍ਰੀ ਤਾੜੀ ਸਾਹਿਬ ਨਜ਼ਦੀਕ ਹੈ।
ਮਿਤੀ 20 ਦਸੰਬਰ 2021, ਸੋਮਵਾਰ (6 ਪੋਹ)
ਸ੍ਰੀ ਆਸਾ ਜੀ ਕੀ ਵਾਰ ਦੇ ਕੀਰਤਨ ਉਪਰੰਤ ਪ੍ਰਾਰੰਭ ਸ੍ਰੀ ਅਖੰਡ ਪਾਠ ਸਾਹਿਬ ਸਵੇਰੇ 8.00 ਵਜੇ
22 ਦਸੰਬਰ 2021, ਬੁੱਧਵਾਰ (8 ਪੋਹ)
ਸ੍ਰੀ ਅਖੰਡ ਸਾਹਿਬ ਜੀ ਦੇ ਭੋਗ ਉਪਰੰਤ ਦਿਵਸ ਸੁਹੇਲਾ ਕੀਰਤਨ ਦੁਪਹਿਰ 1.00 ਵਜੇ ਤੱਕ
ਗੁਰਦਆਰਾ ਸ੍ਰੀ ਕਤਲਗੜ੍ਹ ਸਾਹਿਬ, ਚਮਕੌਰ ਸਾਹਿਬ ਵਿਖੇ
ਮਿਤੀ 22 ਦਸੰਬਰ, 2021
ਬੁੱਧਵਾਰ (੮ ਪੋਹ) ਦੀ ਰਾਤ ਨੂੰ
ਸਾਲਾਨਾ ਕੀਰਤਨ ਰੈਣਿ ਸਬਾਈ
Live on : www.akj.org
ਗੁਰੂ ਪਿਆਰੇ ਜੀਓ, ਆਪ ਸਰਬੱਤ ਸੰਗਤਾਂ ਦੇ ਚਰਨਾਂ ਵਿੱਚ ਦੋਇ ਕਰ ਜੋੜ ਨਿਮਰਤਾ ਸਹਿਤ ਬੇਨਤੀ ਹੈ ਕਿ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ, ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਜੀ ਅਤੇ ਚਮਕੌਰ ਦੀ ਗੜ੍ਹੀ ਦੇ ਸਮੂਹ ਸ਼ਹੀਦ ਸਿੰਘਾਂ ਦੇ ਸਾਲਾਨਾ ਸ਼ਹੀਦੀ ਜੋੜ ਮੇਲ ਤੇ ਕੀਰਤਨ ਰੈਣਿ ਸਬਾਈ ਮਿਤੀ 22 ਦਸੰਬਰ, 2021 (ਬੁੱਧਵਾਰ) ਨੂੰ ਸੋਦਰੁ, ਰਹਿਰਾਸ ਦੇ ਪਾਠ ਉਪਰੰਤ ਪ੍ਰਾਰੰਭ ਹੋਣਗੇ ਅਤੇ ਸਮਾਪਤੀ 23 ਦਸੰਬਰ ਵੀਰਵਾਰ ਸਵੇਰੇ 3.30 ਵਜੇ ਹੋਵੇਗੀ ਜੀ। ਦੇਸ਼-ਵਿਦੇਸ਼ ਤੋਂ ਕੀਰਤਨੀ ਜੱਥੇ ਹਾਜ਼ਰੀ ਭਰਨਗੇ। ਆਉ ਜੀ ਹਾਜ਼ਰੀਆਂ ਭਰਕੇ ਸ਼ਹੀਦਾਂ ਨੂੰ ਪ੍ਰਣਾਮ ਕਰੀਏ ਜੀ।
ਸਮੂਹ ਪੰਥ ਖਾਲਸਾ ਅਤੇ ਸਾਧ ਸੰਗਤ ਦੀ ਚਰਨ ਧੂੜੀ ਲੋਚਦੇ ਹੋਏ
ਸਹਿਯੋਗੀ :
ਮੈਨੇਜਰ, ਮੁੱਖ ਗ੍ਰੰਥੀ ਸਾਹਿਬ ਅਤੇ ਸਮੂਹ ਸਟਾਫ
ਗੁਰਦਆਰਾ ਸ੍ਰੀ ਕਤਲਗੜ੍ਹ ਸਾਹਿਬ
ਸ੍ਰੀ ਚਮਕੌਰ ਸਾਹਿਬ
ਅਖੰਡ ਕੀਰਤਨੀ ਜੱਥਾ, ਚੰਡੀਗੜ੍ਹ (ਰਜਿ.)
ਅਤੇ ਸਹਿਯੋਗੀ ਸਮੂਹ ਅਖੰਡ ਕੀਰਤਨੀ ਜੱਥੇ
ਅਤੇ ਗੁਰੂ ਪਿਆਰੀ ਸਮੂਹ ਸੰਗਤ ਜੀਓ ਜੀ
ਸੰਪਰਕ ਨੰ: 9988381739, 98726-33388,93160-23874, 98889-51166

## ਗੁਰਦੁਆਰਾ ਸਾਚਾ ਧਨੁ ਸਾਹਿਬ

**ਫੇਜ਼ 3ਬੀ1, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿਖੇ**

# ਅਨੰਦ ਕਾਰਜ ਦੇ ਸਬੰਧ ਵਿੱਚ ਅਖੰਡ ਕੀਰਤਨ ਸਮਾਗਮ

**ਮਿਤੀ 10 ਦਸੰਬਰ 2021 ਦਿਨ ਸ਼ੁੱਕਰਵਾਰ**

ਸਮਾਂ : ਸਵੇਰੇ 5.30 ਵਜੇ ਤੋਂ ਆਸਾ ਕੀ ਵਾਰ ਸਹਿਤ ਦੁਪਹਿਰ 1.00 ਵਜੇ ਤੱਕ

ਭਾਈ ਸੁਖਦੇਵ ਸਿੰਘ ਜੀ ਅਤੇ ਬੀਬੀ ਰਣਜੀਤ ਕੌਰ ਜੀ ਅਤੇ ਸਮੂਹ ਪਰਿਵਾਰ ਨਿਵਾਸੀ # 489, ਫੇਜ਼ 1, ਮੋਹਾਲੀ ਵਾਲੇ ਆਪ ਜੀ ਸਮੂਹ ਸਾਧ ਸੰਗਤ ਜੀ ਦੇ ਚਰਨਾਂ ਵਿੱਚ ਬੇਨਤੀ ਕਰਦੇ ਹਨ ਕਿ ਉਹਨਾਂ ਦੀ ਸਪੁੱਤਰੀ ਹਰਲੀਨ ਕੌਰ ਦੇ ਅਨੰਦ ਕਾਰਜ ਸਮਾਗਮ ਵਿੱਚ ਸਹਿਤ ਪਰਿਵਾਰ ਸ਼ਾਮਲ ਹੋ ਕੇ ਬੱਚਿਆਂ ਨੂੰ ਗੁਰਬਾਣੀ ਰਾਹੀਂ ਅਸੀਸਾਂ ਬਖਣੀਆਂ ਜੀ।

ਗੁਰੂ ਸੰਗਤਾਂ ਦੇ ਦਾਸਰੇ

**ਅਖੰਡ ਕੀਰਤਨੀ ਜੱਥਾ, ਚੰਡੀਗੜ੍ਹ ਅਤੇ ਸਮੂਹ ਸਾਧ ਸੰਗਤ**

ਸੰਪਰਕ : 9988381739, 98726-33388, 93160-23874, 98889-51166

ਸਹਿਯੋਗ : ਪ੍ਰਬੰਧਕ ਕਮੇਟੀ ਗੁਰਦੁਆਰਾ ਸਾਚਾ ਧਨੁ ਸਾਹਿਬ, ਫੇਜ਼ 3ਬੀ-1, ਸਾਹਿਬਜ਼ਾਦਾ ਅਜੀਤ ਸਿੰਘ ਨਗਰ

# ਅਖੰਡ ਕੀਰਤਨ ਸਮਾਗਮ

**ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਸੈਕਟਰ 34 ਡੀ, ਚੰਡੀਗੜ੍ਹ ਵਿਖੇ**

**ਮਿਤੀ 11 ਦਸੰਬਰ 2021 ਦਿਨ ਸ਼ਨੀਵਾਰ**

ਸਮਾਂ : ਸਵੇਰੇ 9:00 ਵਜੇ ਤੋਂ ਬਾਅਦ ਦੁਪਹਿਰ 2:00 ਵਜੇ ਤੱਕ

ਇਹ ਸਮਾਗਮ ਗੁਰਪੁਰਵਾਸੀ ਭਾਈ ਸਤਨਾਮ ਸਿੰਘ ਜੀ ਦੀ ਨਿੱਘੀ ਅਤੇ ਮਿੱਠੀ ਯਾਦ ਵਿੱਚ ਪਰਿਵਾਰ ਵੱਲੋਂ ਕਰਵਾਏ ਜਾ ਰਹੇ ਹਨ (ਸ੍ਰੀ ਅਖੰਡ ਪਾਠ ਭਾਈ ਸਾਹਿਬ ਜੀ ਦੇ ਨਿਵਾਸ % 245, ਸੈਕਟਰ 35 ਏ, ਚੰਡੀਗੜ੍ਹ ਵਿਖੇ ਮਿਤੀ 09.12.2021 (ਵੀਰਵਾਰ) ਨੂੰ ਸਵੇਰੇ ਆਸਾ ਜੀ ਕੀ ਵਾਰ ਦੇ ਕੀਰਤਨ ਉਪਰੰਤ 8:00 ਵਜੇ ਆਰੰਭ ਹੋਣਗੇ ਅਤੇ ਮਿਤੀ 11.12.2021 (ਸ਼ਨੀਵਾਰ) ਨੂੰ ਅੰਮ੍ਰਿਤ ਵੇਲੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪੈਣਗੇ ਉਪਰੰਤ ਸ੍ਰੀ ਆਸਾ ਜੀ ਕੀ ਵਾਰ ਦੇ ਕੀਰਤਨ ਹੋਣਗੇ ਅਤੇ ਪੂਰਨ ਸਮਾਪਤੀ ਸਵੇਰੇ 8:00 ਵਜੇ ਹੋਵੇਗੀ ਜੀ।

ਗੁਰੂ ਸੰਗਤਾਂ ਦੇ ਦਾਸਰੇ

**ਅਖੰਡ ਕੀਰਤਨੀ ਜੱਥਾ, ਚੰਡੀਗੜ੍ਹ**

ਸੰਪਰਕ : 9988381739, 98726-33388, 93160-23874, 98889-51166

ਸਹਿਯੋਗੀ: ਪ੍ਰਬੰਧਕ ਕਮੇਟੀ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਸੈਕਟਰ 34 ਡੀ, ਚੰਡੀਗੜ੍ਹ



ਸਾਹਿਬਜ਼ਾਦਿਆਂ ਦੇ ਸ਼ਹੀਦੀ ਪੁਰਬ
ਅਤੇ
ਰੰਗਲੇ ਸਜਣਾਂ ਨੂੰ ਸਮਰਪਿਤ
ਬਰੇਲੀ ਅਖੰਡ ਕੀਰਤਨ ਸਮਾਗਮ
ਸਫਰ ਏ ਸ਼ਹਾਦਤ
24 ਦਸੰਬਰ 2021 ਸ਼ਾਮ ਤੋਂ 27 ਦਸੰਬਰ ਸਵੇਰੇ ਤਕ (ਰੈਣ ਸਬਾਈ 26 ਦਸੰਬਰ)
24 ਦਸੰਬਰ 2021 ਸ਼ੁਕਰਵਾਰ ਸ਼ਾਮ 6.30 ਤੋਂ 9.00
ਕੀਰਤਨ ਸਮਾਗਮ- ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਫਰਾਸ਼ੀ ਟੋਲਾ, ਬਰੇਲੀ ਵਿਖੇ
ਅੰਮ੍ਰਿਤ ਵੇਲਾ ਸਮਾਗਮ 24-25 ਦਸੰਬਰ ਦੀ ਰਾਤ 12.00 ਤੋਂ 3 ਵਜੇ ਤਕ
ਗੁਰਦੁਆਰਾ ਸ੍ਰੀ ਗੁਰੂ ਨਾਨਕ ਸਤਿਸੰਗ ਦਰਬਾਰ, ਪੀਲੇ ਕਵਾਟਰ ਵਿਖੇ
25 ਦਸੰਬਰ 2021 ਸ਼ਨੀਵਾਰ ਸਵੇਰੇ
ਸਵੇਰੇ 7 ਤੋਂ 9 ਰਿਹਾਇਸ਼ ਅਸਥਾਨ ਤੇ ਸੰਗਤਾਂ ਦਾ ਸਵਾਗਤ ਕੀਰਤਨ
ਸਵੇਰੇ 9 ਤੋਂ ਦੁਪਹਰ 1 ਵਜੇ ਤਕ ਗੁਰਦੁਆਰਾ ਸ੍ਰੀ ਗੁਰੂ ਨਾਨਕ ਸਤਿਸੰਗ ਦਰਬਾਰ, ਪੀਲੇ ਕਵਾਟਰ ਵਿਖੇ
25 ਦਸੰਬਰ 2021 ਸ਼ਨੀਵਾਰ ਸ਼ਾਮ
ਸ਼ਾਮ 5.30 ਤੋਂ 8.45 ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਉਨ ਵਿਖੇ
ਅੰਮ੍ਰਿਤ ਵੇਲਾ ਸਮਾਗਮ 25-26 ਦਸੰਬਰ ਦੀ ਰਾਤ 12.30 ਤੋਂ 3 ਵਜੇ ਤਕ
ਗੁਰਦੁਆਰਾ ਸ੍ਰੀ ਗੁਰੂ ਨਾਨਕ ਸਤਿਸੰਗ ਦਰਬਾਰ, ਪੀਲੇ ਕਵਾਟਰ ਵਿਖੇ
26 ਦਸੰਬਰ ਐਤਵਾਰ ਸਵੇਰੇ
ਸਵੇਰੇ 7 ਤੋਂ ਦੁਪਹਰ 1.30 ਵਜੇ ਤਕ ਦਿਵਸ ਸੁਹੇਲਾ ਸਮਾਗਮ
ਗੁਰਦੁਆਰਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਸਿੰਘ ਸਭਾ, ਜਨਕਪੁਰੀ ਵਿਖੇ
26 ਦਸੰਬਰ ਐਤਵਾਰ ਰਾਤ
ਕੀਰਤਨ ਰੈਣ ਸਬਾਈ
26 ਦਸੰਬਰ ਐਤਵਾਰ ਸ਼ਾਮ 7 ਵਜੇ ਤੋਂ 27 ਦਸੰਬਰ ਸਵੇਰੇ 3.00 ਵਜੇ ਤਕ
ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਉਨ ਵਿਖੇ
ਅੰਮ੍ਰਿਤ ਸੰਚਾਰ ਸਮਾਗਮ 26 ਦਸੰਬਰ 2021 ਐਤਵਾਰ ਸ਼ਾਮ 7 ਵਜੇ ਤੋਂ
ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਉਨ, ਬਰੇਲੀ ਵਿਖੇ
ਰਿਹਾਇਸ਼ ਅਸਥਾਨ- ਹਰੀਮੰਦਰ ਬਾਰਾਤ ਘਰ, ਮਾਡਲ ਟਾਉਨ, ਬਰੇਲੀ .
ਅਖੰਡ ਕੀਰਤਨੀ ਜੱਥਾ
ਪ੍ਰਾਰਥਕ ਦਾਸਰੇ
ਬਰੇਲੀ, ਯੂ.ਪੀ.
AKJ.Org
Live
Live on akj.org
-: ਪੁੱਛ-ਗਿੱਛ ਮੋਬਾਇਲ ਨੰ. :-
9897004111, 7668416513, 9719102260 ਟ੍ਰਾਂਸਪੋਰਟ ਸੇਵਾ: 9997782004 ਰਿਹਾਇਸ਼ ਅਤੇ ਕੰਸੀਅਰ: 9808100251, 9760195654

**ਦਿਨੁ ਭੀ ਗਾਵਉ ਰੈਨੀ ਗਾਵਉ, ਗਾਵਉ ਸਾਸਿ ਸਾਸਿ ਰਸਨਾਰੀ ॥**








ਕੇਂਦਰੀ ਸਲਾਨਾ ਅਖੰਡ ਕੀਰਤਨ ਸਮਾਗਮ ਮਿਤੀ 10.11.2021 ਤੋਂ ਲੈ ਕੇ 14.11.2021 ਤਕ ਅਖੰਡ ਕੀਰਤਨੀ ਜੱਥਾ, ਦੋਰਾਹਾ ਵਲੋਂ ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ ਦੋਰਾਹਾ (ਲੁਧਿਆਣਾ) ਵਿਖੇ ਮਨਾਇਆ ਗਿਆ। ਸੰਗਤਾਂ ਨੇ ਹੁੰਮ-ਹੁੰਮਾ ਕੇ ਕੀਰਤਨ ਦੀਆਂ ਹਾਜਰੀਆਂ ਭਰੀਆਂ ਤੇ ਹਰਜਸ ਦੇ ਲਾਹੇ ਲਏ ਤੇ ਕੀਰਤਨੀਆਂ ਸਿੰਘਾਂ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਤੇ ਸੰਗਤਾਂ ਨੇ ਕੀਰਤਨ ਦੇ ਰੰਗ ਮਾਣ ਕੇ ਅਪਣਾ ਜੀਵਨ ਸਫਲਾ ਕੀਤਾ। ਪ੍ਰਬੰਧਕਾਂ ਨੇ ਰੱਜ-ਰੱਜ ਕੇ ਸੰਗਤਾਂ ਦੀ ਸੇਵਾ ਕੀਤੀ ਤੇ ਗੁਰੂ ਘਰ ਦੀਆਂ ਖੁਸ਼ੀਆਂ ਲਈਆਂ।

Registered with the Registrar
of News Papers of India
Regd. No. R-70727/99

ATAM RANG
December 2021

Postal Regd. No.
CHDG/0025/2021-23

# ਅਖੰਡ ਕੀਰਤਨ ਸਮਾਗਮ



ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ ॥

ਗੁਰਪੁਰਵਾਸੀ ਭਾਈ ਸਾਹਿਬ ਭਾਈ ਸਤਨਾਮ ਸਿੰਘ ਜੀ, ਸਾਬਕਾ ਮੁੱਖ ਸੰਪਾਦਕ, ਆਤਮ ਰੰਗ ਮੈਗਜ਼ੀਨ ਤੇ ਮੁੱਖ ਸੇਵਾਦਾਰ ਅਖੰਡ ਕੀਰਤਨੀ ਜੱਥਾ (ਰਜਿ.), ਚੰਡੀਗੜ੍ਹ ਜੋ ਕਿ ਅਕਾਲ ਪੁਰਖ ਜੀ ਦੇ ਭਾਣੇ ਅਨੁਸਾਰ ਪਿੱਛੇ ਜਿਹੇ ਅਕਾਲ ਚਲਾਨਾ ਕਰ ਗਏ ਸਨ, ਉਨ੍ਹਾਂ ਦੀ ਪਹਿਲੀ ਸਾਲਾਨਾ ਮਿੱਠੀ ਤੇ ਨਿੱਘੀ ਯਾਦ ਵਿੱਚ ਪਰਿਵਾਰ ਵਲੋਂ ਮਿਤੀ 09 ਦਸੰਬਰ, 2021 ਦਿਨ ਵੀਰਵਾਰ ਨੂੰ ਉਨ੍ਹਾਂ ਦੇ ਗ੍ਰਹਿ ਮਕਾਨ ਨੰ. 245, ਸੈਕਟਰ 35-ਏ, ਚੰਡੀਗੜ੍ਹ ਵਿਖੇ ਕੀਰਤਨ ਆਸਾ ਦੀ ਵਾਰ ਸਵੇਰੇ 5 ਵਜੋ ਤੋਂ 7 ਵਜੇ ਤੱਕ ਹੋਵੇਗੀ ਉਪਰੰਤ ਸ੍ਰੀ ਅਖੰਡ ਪਾਠ ਸਾਹਿਬ ਜੀ ਅਰੰਭ ਕੀਤੇ ਜਾਣਗੇ ਤੇ ਜਿਨ੍ਹਾਂ ਦੀ ਸਮਾਪਤੀ ਮਿਤੀ 11 ਦਸੰਬਰ 2021 ਦਿਨ ਸ਼ਨੀਵਾਰ ਨੂੰ ਹੋਵੇਗੀ ਅਤੇ ਉਨ੍ਹਾਂ ਦੇ ਗ੍ਰਹਿ ਵਿਖੇ ਹੀ ਆਸਾ ਦੀ ਵਾਰ ਦੇ ਕੀਰਤਨ ਸਵੇਰੇ 5 ਵਜੇ ਤੋਂ 7 ਵਜੇ ਤੱਕ ਹੋਣਗੇ। ਬਾਅਦ ਵਿੱਚ ਅਖੰਡ ਕੀਰਤਨ ਸਮਾਗਮ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਸੈਕਟਰ 34, ਚੰਡੀਗੜ੍ਹ ਵਿਖੇ ਸਵੇਰੇ 9.00 ਤੋਂ ਦੁਪਿ: 2.30 ਵਜੇ ਤੱਕ ਕੀਤੇ ਜਾਣਗੇ। ਭੋਗ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

## ਦਾਸਨ ਦਾਸ :

ਬੀਬੀ ਕੁਲਵੰਤ ਕੌਰ (ਪਤਨੀ)

ਮਨਪ੍ਰੀਤ ਸਿੰਘ (ਸਪੁੱਤਰ) ਅਤੇ ਸਮੂਹ ਪਰਿਵਾਰ

ਮੋ: 75289 00045, 98143 00245